1920 ਤੋਂ

ਜਿਲਦ 104
ਨੰਬਰ 16

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

੧ ਤੋਂ ੧੫ ਅੱਸੂ ੨੦੮੧ ਬਿ.
16 to 30 September 2024

# ਸਤਿਜੁਗ



੨੦੨੪

10/-

## ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿੱਚ ਪੰਜ ਭਾਦਰੋਂ ਦਾ ਮੇਲਾ ਰਮੇਸ਼ ਨਗਰ ਦਿੱਲੀ ਗੁਰਦੁਆਰੇ ਮਨਾਇਆ ਗਿਆ

ਮਿਤੀ: 25.08.2024






## ਦਿੱਲੀ ਦੀ ਸਾਧ ਸੰਗਤ ਵੱਲੋਂ ਜਪ ਪ੍ਰਯੋਗ ਅਰੰਭਤਾ ਦੀ ਅਰਦਾਸ

ਮਿਤੀ: 26.08.2024





## ਲੁਧਿਆਣੇ ਵਿਖੇ ਗੁਰਮਤਿ ਸੰਮੇਲਨ





# ਸਤਿਜੁਗ

੧ ਤੋਂ ੧੫ ਅੱਸੂ ੨੦੮੧ ਬਿ.
16 ਤੋਂ 30 ਸਤੰਬਰ 2024 ਈ.
ਜਿਲਦ 104, ਨੰਬਰ 16



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ, ਸੁਵਰਨ ਸਿੰਘ ਵਿਰਕ, ਹਰਪਾਲ ਸਿੰਘ ਸੇਵਕ, ਸੰਤ ਨਿਸ਼ਾਨ ਸਿੰਘ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan, Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ, ਗੁਰਭਗਤ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਤਰਨ ਬੱਲ
ਯੁਵਰਾਜ ਸਿੰਘ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
***Email- Satjug@sribhainisahib.com***


# ਤਤਕਰਾ


* ਸੰਪਾਦਕੀ....................................................4

* ਗੁਰਬਾਣੀ ਵਿਆਖਿਆ..........................................6

* ਨਾਮਧਾਰੀ ਸੰਪਰਦਾ ਦਾ ਸੰਗੀਤ ਪ੍ਰਤੀ ਯੋਗਦਾਨ
ਗੁਰਦੀਪ ਸਿੰਘ ਸੰਧੂ..................................8

* ਹਰਿ ਕੇ ਸੇਵਕ ਜੋ ਹਰਿ ਭਾਏ
ਸੂਬਾ ਬਲਵਿੰਦਰ ਸਿੰਘ ਝੱਲ..........................13

* ਪ੍ਰੇਮ ਦਾ ਪਾਤਰ : ਪਦਮ ਸ੍ਰੀ ਸੁਰਜੀਤ ਪਾਤਰ ਅਤੇ ਨਾਮਧਾਰੀ-ਸਿੱਖ ਸਮਾਜ
ਹਰਪਾਲ ਸਿੰਘ ਸੇਵਕ................................17

* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਪ੍ਰੀਤਮ ਸਿੰਘ ਕਵੀ.............................19

* ਅੱਖੀਂ ਡਿੱਠਾ ਕਿੱਸਾ ਕੀਤਾ
ਸੰਪਾ: ਸੁਵਰਨ ਸਿੰਘ ਵਿਰਕ..........................22

* **Walking with pride : a journey of namdhari Sikh in university**
**Jagat Singh Namdhari...................................25**

* ਖ਼ਬਰਨਾਮਾ....................................................27

* **Matrimonial...............................................................42**


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

# ਸੰਪਾਦਕੀ

ਸਤਿਗੁਰੂ ਅਰਜਨ ਦੇਵ ਜੀ "ਅਬ ਕਲੂ ਆਇਓ ਰੇ ਇਕੁ ਨਾਮੁ ਲੋਵਹੁ ਬੋਵਹੁ ਅਨ ਰੁਤਿ ਨਾਹੀ ਨਾਹੀ॥" ਦੀ ਅਵਾਜ਼ ਲਗਾ ਹਰ ਮਨੁੱਖੀ ਮਨ ਨੂੰ ਸੁਚੇਤ ਕਰ ਰਹੇ ਹਨ ਕਿ ਇਹ ਰੁੱਤ, ਸਰੀਰ ਰੂਪੀ ਧਰਤੀ ਅੰਦਰ ਨਾਮ ਬੀਜਣ ਦੀ ਹੈ। ਜੇ ਸਮਾਂ ਨਿਕਲ ਗਿਆ ਤਾਂ ਫਿਰ ਹਾਲਤ ਇਹ ਹੋਵੇਗੀ–

ਹੁਣਿ ਵਤੈ ਹਰਿ ਨਾਮੁ ਨ ਬੀਜਿਓ
ਅਗੈ ਭੁਖਾ ਕਿਆ ਖਾਏ॥

ਇਸ ਲਈ ਸਵਾਸ ਰਹਿੰਦੇ ਹੀ ਜੇ ਪ੍ਰਭੂ ਨਾਮ ਦਾ ਬੀਜ ਹਿਰਦੇ ਵਿੱਚ ਪੁੰਗਰ ਜਾਵੇ ਤਾਂ ਜੀਵਨ ਸਫ਼ਲਾ ਹੋ ਸਕਦਾ ਹੈ। ਸਤਿਗੁਰੂ ਰਾਮਦਾਸ ਜੀ ਸਾਨੂੰ ਸਮਝਾਉਂਦੇ ਹੋਏ ਇਸ ਨਾਮ ਨੂੰ ਬੀਜਣ ਦੇ ਸਮੇਂ ਬਾਰੇ ਵੀ ਲਿਖਦੇ ਹਨ–

ਹਰ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ
ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ॥

ਇਹ ਮਹੀਨਾ (ਅੱਸੂ) ਨਾਮਧਾਰੀ ਸਮਾਜ ਲਈ ਬਹੁਤ ਮਹੱਤਵਪੂਰਨ ਹੈ। ਇਸ ਨੂੰ ਪ੍ਰਯੋਗ ਦਾ ਮਹੀਨਾ ਆਖਿਆ ਜਾਂਦਾ ਹੈ। ਪ੍ਰਯੋਗ ਭਾਵ *Experiment* ਆਪਣੇ ਤਨ ਅਤੇ ਮਨ ਨੂੰ ਆਪਣੇ ਅਨੁਸਾਰੀ ਕਰਨ ਦਾ ਵੇਲ਼ਾ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਦੋਂ ਇਸ ਮਹਾਨ ਕਾਰਜ ਦੀ ਆਰੰਭਤਾ ਕੀਤੀ ਤਾਂ ਦ੍ਰਿੜ ਨਿਸਚੇ ਨਾਲ ਆਪ ਪੰਡਿਤ ਬਸੰਤ ਸਿੰਘ ਗੜ੍ਹ ਪਧਾਣੇ ਵਾਲਿਆਂ ਨੂੰ ਨਾਲ ਲੈ ਸਰਹੰਦ ਨਹਿਰ ਵੱਲ ਤੁਰੇ। ਮਾਤਾ ਜੀਵਨ ਕੌਰ ਜੀ ਰਾਹ ਰੋਕ ਕਿਹਾ "ਪ੍ਰਤਾਪ ਸਿਹਾਂ ਤੂੰ ਤਾਂ ਪਹਿਲਾ ਹੀ ਬਹੁਤ ਬੰਦਗੀ ਕੀਤੀ ਹੈ। ਤੈਨੂੰ ਕੀ ਲੋੜ ਹੈ" ਸਤਿਗੁਰੂ ਜੀ ਜਵਾਬ ਦਿੱਤਾ "ਮਾਤਾ ਜੀ ਮੈਂ ਬਹਿਆ ਨਹੀਂ ਖਾਣਾ ਤਾਜਾ ਖਾਣਾ ਹੈ "ਇਹ ਵਖਤ ਹੈ ਜਪੁ ਤਪੁ ਦਾ ਬੇੜਾ ਬੰਨਣ ਦਾ" ਮਾਤਾ ਜੀ ਸਤਿ ਬਚਨ ਕੀਤਾ। ਸਤਿਗੁਰੂ ਜੀ ਦੀ ਇਸ ਕਥਾ ਵਿਚੋਂ ਸਾਨੂੰ ਇਹ ਸਮਝ ਪਈ ਕਿ ਭਾਵੇ ਪਹਿਲਾਂ ਕੀਤੇ ਜਪੁ ਤਪੁ ਕਾਰਨ ਤੈਨੂੰ ਇਹ ਸੁੰਦਰ ਸਰੀਰ, ਭਲਾ ਪਰਿਵਾਰ ਅਤੇ ਗੁਰਮੁੱਖਾਂ ਦੀ ਸੰਗਤ ਮਿਲੀ ਹੈ ਤਾਂ ਵੀ ਤੂੰ ਹੁਣ ਉਸ ਪ੍ਰਭੂ ਨਾਮ ਨੂੰ ਜੱਪਣ ਲਈ ਢਿਲ ਨਾ ਦਿਖਾ ਗੁਰੂ ਅਮਰਦਾਸ ਜੀ ਆਖਦੇ ਹਨ–

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥
ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥
ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥

ਮੋਹ ਮਾਇਆ ਦੇ ਜੋਰ ਕਾਰਨ ਅਸੀਂ ਪ੍ਰਭੂ ਨਾਮ ਤੋਂ ਟੁੱਟ ਜਾਂਦੇ ਹਾਂ। ਮਨ ਬਜ਼ਾਰ ਦੀ ਚਕਾ ਚੌਂਧ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿੰਦਾ। ਚੰਗਾ ਮਾੜਾ ਖਾਣ-ਪੀਣ ਸੁਨਣ ਵੇਖਣ ਕਰਕੇ ਸਰੀਰ ਰੋਗੀ ਅਤੇ ਸੋਗੀ ਬਣ ਜਾਂਦਾ ਹੈ। ਇਹ ਮਹੀਨਾ ਆਉਂਦੇ ਹੀ ਸਾਨੂੰ ਨਵੀਂ ਪ੍ਰੇਰਨਾ ਮਿਲਦੀ ਹੈ, ਆਪਣੀ ਜ਼ਿੰਦਗੀ ਦੀ ਨਿੱਤ ਚਰਿਆ ਨੂੰ ਬਦਲਣ ਦੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਕੀਤਾ ਕਠਨ ਜਪੁ ਤਪੁ ਸਾਨੂੰ ਯਾਦ ਆਉਂਦਾ ਹੈ, ਕਿਵੇਂ ਕੱਖਾਂ ਕਾਨਿਆਂ ਦੀ ਝੁੱਗੀ ਵਿੱਚ ਰਹਿ ਕੇ ਉਹਨਾਂ ਨਹਿਰ ਕੰਢੇ ਇਸ ਪ੍ਰਯੋਗ ਦੀ ਸ਼ੁਰੂਆਤ ਕੀਤੀ। ਜਦੋਂ ਕੋਈ ਪ੍ਰਯੋਗ (Experiment) ਸਫ਼ਲ ਹੁੰਦਾ ਹੈ ਤਾਂ ਸਭ ਸੁੱਖ ਲੈ ਸਕਣ ਇਸ ਲਈ ਸਮਾਜ ਵਿੱਚ ਲਾਗੂ ਕੀਤਾ ਜਾਂਦਾ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਇਹ ਕਿਰਪਾ ਸਾਡੇ 'ਤੇ ਕੀਤੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਜਪੁ ਪ੍ਰਯੋਗ ਨੂੰ ਹਰ ਨਾਮਧਾਰੀ ਦੇ ਘਰ ਤੱਕ ਪਹੁੰਚਾਇਆ। ਅੱਜ ਛੇ ਮਹਾਦੀਪਾਂ ਵਿੱਚ ਇਹ ਪ੍ਰਯੋਗ ਨਾਮਧਾਰੀ ਸੰਗਤ ਕਰਦੀ ਹੈ। ਪ੍ਰਯੋਗ ਦੇ ਦਿਨਾਂ ਵਿੱਚ ਬਾਹਰ ਦੇ ਭੋਜਣ ਤੋਂ, ਵਾਧੂ ਬੋਲਣ ਤੋਂ ਅਤੇ ਦੁਨਿਆਵੀ ਕੰਮਾਂ ਵਿੱਚ ਵਿਅਰਥ ਸਮਾਂ ਗੁਵਾਉਣ ਤੋਂ ਬਚਿਆ ਜਾਂਦਾ ਹੈ। ਸ੍ਰੀ ਭੈਣੀ ਸਾਹਿਬ ਇਨ੍ਹਾਂ ਦਿਨਾਂ ਵਿੱਚ ਇਕ ਵੱਖਰਾ ਅਲੌਕਿਕ ਨਜ਼ਾਰਾ ਬਣਦਾ ਹੈ। ਸੰਗਤ ਸਮੇਂ ਤੋਂ ਪਹਿਲਾਂ ਉੱਠ ਖੂਹਾਂ 'ਤੇ ਇਸ਼ਨਾਨ ਕਰਨ ਲਈ ਤੁਰਦੀ ਹੈ। ਖੂਹਾਂ ਦੀਆਂ ਭੌਣੀਆਂ 'ਚੋਂ ਨਿਕਲਣ ਵਾਲੀ ਨਾਦ ਨਾਲ ਵਾਤਾਵਰਣ ਵਿੱਚ ਇਕ ਵਖਰਾ ਨਿਰੰਤਰ ਸੰਗੀਤ ਚਲਦਾ ਹੈ। ਪੁਰਾਣੇ ਸਮੇਂ ਵਿੱਚ ਜਦੋਂ ਕੂਕੇ ਪਿੰਡ ਦੇ ਖੂਹ 'ਤੇ ਜਾ ਮੂੰਹ ਹਨੇਰੇ ਡੋਲ ਖੜਕਾਉਂਦੇ ਤਾਂ ਪਿੰਡ ਦੇ ਲੋਕ ਹਲ ਵਾਹੁਣ ਲਈ ਬਿਸਤਰੇ ਤਿਆਗ ਦਿੰਦੇ ਪੰਜਾਬੀ ਦੀ ਬੋਲੀ ਹੈ–

ਤਾਰਾ ਚੜ੍ਹਿਆ ਤਾਂ ਨਾਹ ਲਿਆ ਕੂਕੇ
ਹਾਲ਼ੀਆਂ ਨੇ ਹਲ਼ ਜੋੜ ਲਏ।

ਪੈਰੀਂ ਪਾਏ ਪਊਏ ਖੜਾਵਾਂ ਧਰਤੀ ਨਾਲ ਲੱਗ ਟਿੱਕੀ ਰਾਤ ਦੀ ਚੁੱਪੀ ਨੂੰ ਤੋੜ ਦਿੰਦੀਆਂ ਹਨ। ਸਣਕੇਸੀ ਇਸ਼ਨਾਨ ਕਰ ਸੰਗਤ ਦੁੱਧ ਵਰਗੇ ਚਿੱਟੇ ਵਸਤਰ ਪਾ ਵਾਹੁ ਦਾਹੀ ਪ੍ਰਤਾਪ ਮੰਦਰ ਵੱਲ ਵੱਧਦੀ ਹੈ। ਸ੍ਰੀ ਭੈਣੀ ਸਾਹਿਬ ਜਪੁ ਪ੍ਰਯੋਗ ਦੇ ਦਿਨਾਂ ਵਿੱਚ ਰਾਤ ਆਉਂਦੀ ਹੀ ਨਹੀਂ। ਕੋਈ ਨਾ-ਕੋਈ ਸਿੱਖ ਹਰ ਸਮੇਂ ਤੁਹਾਨੂੰ ਖੂਹ 'ਤੇ ਮਿਲ ਜਾਵੇਗਾ। ਗੁਰਬਾਣੀ ਦੇ ਇਨ੍ਹਾਂ ਵਾਕਾਂ ਨੂੰ ਸਾਰਥਕ ਅਰਾਮ ਵਾਲੀ ਕਰਦੀ ਸੰਗਤ

ਭਿੰਨੀ ਰੈਨੜੀਏ ਚਾਮਕਨ ਤਾਰੇ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥

ਸਚਮੁੱਚ ਹੀ ਰਾਮ ਦੇ ਪਿਆਰੇ ਤੁਹਾਨੂੰ ਹਰ ਇਹ ਵਖ਼ਤ ਜਾਗਦੇ ਮਿਲਣਗੇ। ਕਥਾ, ਕੀਰਤਨ, ਦੀਵਾਨ, ਉਪਦੇਸ਼ ਇਹ ਨਿਰੰਤਰ ਵਹਿੰਦੇ ਜੀਵਨ 'ਚ ਨਵਾਂ ਉਤਸ਼ਾਹ ਭਰ ਦੇ ਨਜ਼ਰ ਆਉਣਗੇ। ਸੇਵਾ, ਸਿਮਰਨ, ਪਾਠ ਅਭਿਆਸ ਦਾ ਚਾਅ ਸੰਗਤ ਦੇ ਮੁੱਖ ਤੋਂ ਸਾਫ਼ ਝਲਕੇਗਾ। ਦੂਰ ਦੁਰਾਡੇ ਤੋਂ ਆਈ ਸਾਰੀ ਸੰਗਤ ਦਾ ਨਿਤ-ਕਰਮ ਸਤਿਗੁਰੂ ਰਾਮਦਾਸ ਜੀ ਦੇ ਇਸ ਸ਼ਬਦ ਅਨੁਸਾਰ ਹੁੰਦਾ ਹੈ–

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥

..........................................

# ਗੁਰਬਾਣੀ ਵਿਆਖਿਆ - ਚੰਡੀ ਦੀ ਵਾਰ

**ਪਉੜੀ॥**
**ਸ੍ਰਣਵਤ ਬੀਜ ਹਕਾਰੇ ਰਹਦੇ ਸੂਰਮੇ॥**
ਬਾਕੀ ਬਚੇ ਯੋਧੇ ਵੀ ਸ੍ਰੌਣਤ ਬੀਜ ਦੈਂਤ ਨੇ ਬੁਲਾ ਲਏ।
Those who had survived on the sidelines were now called on by Sarounat-Beej.

**ਜੋਧੇ ਜੇਡੁ ਮੁਨਾਰੇ ਦਿੱਸਨ ਖੇਤ ਵਿਚਿ॥**
ਮੈਦਾਨੇ-ਜੰਗ ਵਿੱਚ ਇਹ ਯੋਧੇ ਮੁਨਾਰਿਆਂ ਜਿੱਡੇ ਦਿਸਦੇ ਸਨ।
These warriors looked like minarets on the battlefield.

**ਸਭਨੀ ਦਸਤ ਉਭਾਰੇ ਤੇਗਾਂ ਧੂਹਿ ਕੈ॥**
ਸਾਰਿਆਂ ਹੀ ਤਲਵਾਰਾਂ ਮਿਆਨਾਂ 'ਚੋਂ ਸੂਤ ਕੇ ਮਾਰਨ ਵਾਸਤੇ ਹੱਥ ਚੁੱਕੇ ਹੋਏ ਸਨ।
Swords had been pulled out from their scabbard's, ready to kill.

**ਮਾਰੋ ਮਾਰ ਪੁਕਾਰੇ ਆਏ ਸਾਮ੍ਹਣੇ॥**
ਮਾਰ ਲਉ! ਮਾਰ ਲਉ! ਬੋਲਦੇ ਹੋਏ ਦੇਵੀ ਦੇ ਸਾਹਮਣੇ ਆਏ।
Whilst shouting “Kill her”, they faced off with the Devi.

**ਸੰਜਾਂ ਤੇ ਠਣਕਾਰੇ ਤੇਗੀਂ ਉੱਭਰੇ॥**
ਸੰਜੋਆਂ ਤੇ ਤਲਵਾਰਾਂ ਦੀ ਠਣਕਾਰ ਇਉਂ ਆ ਰਹੀ ਸੀ।
Armour being struck by sword sounded like,

**ਘਾੜ ਘੜਨਿ ਠਠਿਆਰੇ ਜਾਣੁ ਬਣਾਇ ਕੈ॥35॥**
ਜਿਵੇਂ ਠਠਿਆਰੇ ਬਰਤਨ ਬਣਾ ਰਹੇ ਹੋਣ।
A metalsmith shaping and hammering metal.

**ਪਉੜੀ॥**
**ਸੱਟ ਪਈ ਜਮਧਾਣੀ ਦਲਾਂ ਮੁਕਾਬਲਾ॥**
ਦੂਹਰੇ ਨਗਾਰਿਆਂ 'ਤੇ ਚੋਟ ਵੱਜੀ ਅਤੇ ਦਲਾਂ ਦਾ ਮੁਕਾਬਲਾ ਸ਼ੁਰੂ ਹੋ ਗਿਆ।
The war drum was beaten again, the battle restarted.

**ਘੂਮਰ ਬਰਗਸਤਾਣੀ ਦਲ ਵਿਚਿ ਘੱਤੀਓ॥**
ਫ਼ੌਜ ਵਿੱਚ ਦੇਵੀ ਨੇ ਭਾਜੜ ਦਾ ਨਾਚ ਮਚਾ ਦਿੱਤਾ।

Fearing Devi Durga, the demon army ran.

**ਸਣੇ ਤੁਰਾ ਪਲਾਣੀ ਡਿੱਗਨ ਸੂਰਮੇ॥**
ਘੋੜਿਆਂ ਅਤੇ ਕਾਠੀਆਂ ਸਮੇਤ ਯੋਧੇ ਡਿੱਗਣ ਲੱਗੇ।
Demon soldiers fell from their saddles.

**ਉਠਿ ਉਠਿ ਮੰਗਨਿ ਪਾਣੀ ਘਾਇਲ ਘੂਮਦੇ॥**
ਜ਼ਖਮੀ ਚੱਕਰ ਖਾਂਦੇ ਹੋਏ, ਉੱਠ ਉੱਠ ਕੇ ਪਾਣੀ ਮੰਗਦੇ ਸਨ।
The wounded cried out for water.

**ਏਵਡੁ ਮਾਰ ਵਿਹਾਣੀ ਉਪਰ ਰਾਕਸਾਂ॥**
ਦੈਂਤਾਂ ਉੱਤੇ ਐਡੀ ਆਫ਼ਤ ਗੁਜ਼ਰੀ ਕਿ ਜੀਹਦਾ ਬਿਆਨ ਹੀ ਨਹੀਂ ਹੋ ਸਕਦਾ।
I cannot describe the terrible loss the demon army experienced.

**ਬਿੱਜੁਲ ਜਿਉਂ ਝਰਲਾਣੀ ਉੱਠੀ ਦੇਵਤਾਂ॥36॥**
ਬਿਜਲੀ ਵਾਂਗ ਚਮਕਦੀ ਦੇਵੀ ਦੁਰਗਾ ਕੜਕ ਉੱਠੀ।
Devi Durga emerged like lightening.

**ਪਉੜੀ॥**
**ਚੋਬੀ ਧਉਸ ਉਭਾਰੀ ਦਲਾਂ ਮੁਕਾਬਲਾ॥**
ਨਗਾਰਚੀ ਨੇ ਦਲਾਂ ਦਾ ਮੁਕਾਬਲਾ ਹੋਣ ਵਾਲੀ ਅਵਾਜ਼ ਪ੍ਰਗਟਾ ਦਿੱਤੀ।
The Nagarchi (drum beater) sounded the war drum.

**ਸੱਭੋ ਸੈਨਾ ਮਾਰੀ ਪਲ ਵਿਚ ਦਾਨਵੀ॥**
ਦੈਂਤਾਂ ਦੀ ਸਾਰੀ ਫੌਜ ਪਲ ਵਿੱਚ ਹੀ ਮਾਰੀ ਗਈ।
The demon army was defeated within 24 seconds (1 pal).

**ਦੁਰਗਾ ਦਾਨੋ ਮਾਰੇ ਰੋਹ ਬਢਾਇ ਕੈ॥**
ਦੁਰਗਾ ਨੇ ਕ੍ਰੋਧਵਾਨ ਹੋ ਕੇ ਦੈਂਤ ਮਾਰੇ।
Durga killed demons, filled with anger.

**ਸਿਰਿ ਵਿਚਿ ਤੇਗ ਵਗਾਈ ਸ੍ਰਣਵਤ ਬੀਜ ਦੇ॥37॥**
ਸ੍ਰੋਣਤਬੀਜ ਦੇ ਸਿਰ ਵਿੱਚ ਤਲਵਾਰ ਮਾਰੀ।
She struck the head of Sarounat-Beej with her sword.

**ਨਾਮਧਾਰੀ ਨਿਤਨੇਮ ਸਟੀਕ 'ਚੋਂ**

# ਨਾਮਧਾਰੀ ਸੰਪਰਦਾ ਦਾ ਸੰਗੀਤ ਪ੍ਰਤੀ ਯੋਗਦਾਨ



**ਗੁਰਦੀਪ ਸਿੰਘ ਸੰਧੂ**
**94172-66056**
**ਸਹਾਇਕ ਪ੍ਰੋਫੈਸਰ (ਸੰਗੀਤ)**

ਨਾਮਧਾਰੀ ਸੰਪਰਦਾ ਸਿੱਖ ਕੌਮ ਦੀ ਹੀ ਇੱਕ ਸ਼ਾਖਾ ਹੈ ਜਿਸ ਦੇ ਸੰਸਥਾਪਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਮੰਨਿਆ ਜਾਂਦਾ ਹੈ। ਜਿਹਨਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮੁਰਝਾਈ ਸਿੱਖੀ ਨੂੰ ਪੁਨਰ ਸੁਰਜੀਤ ਕਰਨ ਦੇ ਨਾਲ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਚਲੀ ਆ ਰਹੀ ਮਰਿਆਦਾ ਦੇ ਨਾਲ ਨਾਲ ਸਿੱਖ ਜਗਤ ਵਿੱਚ ਚਲਦੀ ਆ ਰਹੀ ਸੰਗੀਤ ਪ੍ਰੰਪਰਾ ਨੂੰ ਉਸੇ ਹੀ ਟਕਸਾਲੀ ਰੂਪ ਵਿੱਚ ਬਰਕਰਾਰ ਰੱਖਿਆ। ਸ੍ਰੀ ਸਤਿਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਉੱਤਰਾਧਿਕਾਰੀ ਵਿੱਚ ਸ੍ਰੀ ਸਤਿਗੁਰੂ ਹਰੀ ਸਿੰਘ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ, ਸ੍ਰੀ ਸਤਿਗੁਰੂ ਜਗਜੀਤ ਸਿੰਘ ਅਤੇ ਮੌਜੂਦਾ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਵੀ ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਬਹੁਤ ਹੀ ਸ਼ਲਾਘਾਯੋਗ ਕਦਮ ਉਠਾਏ ਅਤੇ ਅੱਜ ਨਾਮਧਾਰੀ ਸਿੱਖ ਦੇਸ਼ ਪ੍ਰਦੇਸ਼ ਵਿੱਚ ਸੰਗੀਤ ਦਾ ਪ੍ਰਦਰਸ਼ਨ ਕਰ ਚੁੱਕੇ ਹਨ ਅਤੇ ਬਹੁਤ ਵੱਡੇ ਪੱਧਰ ਦੇ ਮਾਣ ਸਤਿਕਾਰ ਹਾਸਲ ਕਰ ਚੁੱਕੇ ਹਨ।

ਮਨੁੱਖ ਨੂ ਸੰਗੀਤ ਦੈਵੀ ਪ੍ਰਸ਼ਾਦ ਵੱਜੋਂ ਪ੍ਰਾਪਤ ਹੋਇਆ ਹੈ। ਸਾਰਾ ਸੰਸਾਰ ਸੰਗੀਤ ਦੀ ਰੌਸ਼ਨੀ ਵਿੱਚ ਬੱਝਾ ਹੋਇਆ ਹੈ। ਸੂਰਜ, ਚੰਦ, ਸਿਤਾਰੇ, ਆਕਾਸ਼, ਪਾਤਾਲ, ਨਦੀਆਂ, ਪਰਬਤ, ਸਾਗਰ, ਜੰਗਲ ਸਭ ਸੰਗੀਤ ਦਾ ਪ੍ਰਗਟਾਵਾ ਕਰਦੇ ਹਨ। ਚਸ਼ਮਿਆਂ ਦੀ ਕਲਕਲ, ਝਰਨਿਆਂ ਦੀ ਝਰ-ਝਰ, ਹਵਾ ਦੀਆਂ ਲੋਰੀਆਂ ਆਦਿ ਨੂੰ ਭਾਵੇਂ ਕੋਈ ਸੁਣੇ ਜਾਂ ਨਾਂ, ਇਨ੍ਹਾਂ ਨੇ ਆਪਣੀ ਧੁੰਨ ਅਲਾਪਦਿਆਂ ਹੀ ਰਹਿਣਾ ਹੈ। ਸੰਗੀਤ ਅਤੇ ਇਸ ਦਾ ਪਸਾਰਾ ਅਪਰੰਪਾਰ ਹੀ ਹੈ। ਹੌਲੀ ਹੌਲੀ ਮਨੁੱਖ ਆਪਣੇ ਆਪ ਨੂੰ ਇਸ ਪਰਮ ਸਵਾਦ ਨਾਲ ਜੋੜਦਾ ਹੈ ਉਵੇਂ ਹੀ ਇਸ ਦੀ ਅਪਰੰਪਰਤਾ ਵਿੱਚ ਖੋ ਕੇ ਪਰਮ ਅਨੰਦ ਦੀ ਪ੍ਰਾਪਤੀ ਕਰਦਾ ਹੈ। ਇਸੇ ਅਪਰੰਪਰਤਾ ਨੂੰ ਧਿਆਨ ਵਿੱਚ ਰੱਖਦਿਆਂ ਭਾਰਤ ਦੇ ਮਹਾਨ ਗਾਇਕ ਤਾਨਸੇਨ ਨੇ ਤਲਵਾਰ ਨੂੰ ਜਲ ਵਿੱਚ ਮਾਰ ਟੁੱਟਦੀਆਂ ਬੂੰਦਾਂ ਨੂੰ ਸੰਗੀਤਕ ਗਿਆਨ ਨਾਲ ਤੁਲਨਾ ਕੀਤੀ ਸੀ। ਸੰਗੀਤ ਗਿਆਨੀਆਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸੰਗੀਤ ਦਾ ਪ੍ਰਭਾਵ ਇਨਸਾਨਾਂ ਦੇ ਨਾਲ ਨਾਲ ਪਸ਼ੂ ਅਤੇ ਪੌਦੇ ਵੀ ਕਬੂਲ ਕਰ ਦੇ ਹਨ। ਪ੍ਰਸਿੱਧ ਸੰਗੀਤ ਵਿਦਵਾਨ ਉਸਤਾਦ ਭਾਈ ਹਰਨਾਮ ਸਿੰਘ ਜੀ ਚਵਿੰਡੇ ਵਾਲੇ ਇਹ ਕਿਹਾ ਕਰਦੇ ਸਨ ਕਿ ਸੁਰ ਤਾਂ ਦੇਵਤਾ ਹੈ ਜਿਸ ਨੇ ਵੀ ਇਹਨੂੰ ਆਪਣੇ ਵਸ ਵਿੱਚ ਕਰ ਲਿਆ ਸਾਰਾ ਸੰਸਾਰ ਉਸ ਦਾ ਪਾਣੀ ਭਰੇਗਾ। ਰਾਗ ਨਾਦ, ਗੁਰਬਾਣੀ ਅਤੇ ਗੁਰਮਤਿ ਸੰਗੀਤ ਦਾ ਆਪਸ ਵਿੱਚ ਅਟੁੱਟ ਸੰਬੰਧ ਮੰਨਿਆ ਗਿਆ ਹੈ। ਸ਼ਾਸਤਰੀ ਸੰਗੀਤ ਗੁਰਮਤਿ ਸੰਗੀਤ ਦਾ ਆਧਾਰ ਹੈ। ਜਿਸ ਤਰਾਂ ਪੌਰਾਣਿਕ ਕਥਾਵਾਂ ਦੀ ਜਾਣਕਾਰੀ ਤੋਂ ਬਿਨਾ ਗੁਰਬਾਣੀ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ ਠੀਕ ਇਸੇ ਤਰਾਂ ਸ਼ਾਸਤਰੀ ਸੰਗੀਤ ਦੇ ਗਿਆਨ ਤੋਂ ਬਗੈਰ ਗੁਰਮਤਿ ਸੰਗੀਤ ਨੂੰ ਸਮਝਣਾ ਵੀ ਮੁਸ਼ਕਲ ਹੈ।

ਪ੍ਰਮਾਤਮਾ ਦੀ ਸਾਰੀ ਰਚਨਾ ਸੰਗੀਤਮਈ ਹੈ। ਸ੍ਰਿਸ਼ਟੀ ਦੇ ਰਚਨਹਾਰ ਬ੍ਰਹਮਾ ਦੀ ਅਰਧਾਂਗਨੀ ਸਰਸਵਤੀ ਮਾਤਾ ਨੂੰ ਸੰਗੀਤ ਦੀ ਦੇਵੀ ਮੰਨਿਆ ਜਾਂਦਾ ਹੈ। ਰਾਗ ਦਾ ਅਰਥ ਪ੍ਰੇਮ ਵੀ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਹੀ ਰਬਾਬ ਦੀਆਂ ਮਧੁਰ ਸਵਰ ਲਹਿਰਾਂ ਤੋਂ ਮੰਨਿਆ ਜਾਂਦਾ ਹੈ। ਭਾਈ ਮਰਦਾਨਾ ਜੀ ਦੀ ਰਬਾਬ ਹਰ ਵਕਤ ਗੁਰੂ ਨਾਨਕ ਦੇਵ ਜੀ ਦੇ ਅੰਗ ਸੰਗ ਰਹੀ। ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਨੀਂਹ ਰੱਖੀ ਅਤੇ ਗੁਰਮਤਿ ਸੰਗੀਤ ਨੂੰ ਜੀਵਨ ਦਾ ਆਧਾਰ ਬਣਾਇਆ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਜਿੰਨੇ ਵੀ ਉਹਨਾਂ ਦੇ ਉਤਰਾਧਿਕਾਰੀ ਹੋਏ ਹਨ ਸਭ ਨੇ ਸੰਗੀਤ ਦਾ ਆਸਰਾ ਲੈਂਦਿਆਂ ਸ਼ਬਦ ਕੀਰਤਨ ਪਰੰਪਰਾ ਕਾਇਮ ਕਰਕੇ ਸਾਰੇ ਬ੍ਰਹਿਮੰਡ ਨੂੰ ਸੁਰਬੱਧ ਅਤੇ ਲੈਅ ਬੱਧ ਕੀਤਾ ਅਤੇ ਸੰਗੀਤ ਨੂੰ ਮਨ ਪਰਚਾਵੇ ਦੇ ਨਾਲ-ਨਾਲ ਇਸ਼ਕ ਹਕੀਕੀ, ਪ੍ਰਭੂ ਭਗਤੀ, ਆਤਮਾ ਦੇ ਸੁਮੇਲ ਦਾ

ਮਾਧਿਅਮ ਬਣਾਇਆ ਅਤੇ ਮਨੁੱਖ ਜਾਤੀ ਨੂੰ ਵਹਿਮਾਂ ਭਰਮਾਂ, ਸਮਾਜਕ ਕੁਰੀਤੀਆਂ ਅਤੇ ਨਸ਼ੇ ਆਦਿਕ ਕੁਰੀਤੀਆਂ ਤੋਂ ਵਰਜਿਆ।

ਗੁਰੂ ਨਾਨਕ ਨਾਮ ਲੇਵਾ ਸੰਪਰਦਾਵਾਂ ਦੇ ਵਿੱਚੋਂ ਨਾਮਧਾਰੀ ਸਿੱਖ ਆਪਣੀ ਨਿਵੇਕਲੀ ਪਹਿਚਾਣ ਕਰਕੇ ਵਿਸ਼ਵ ਵਿੱਚ ਜਾਣੇ ਜਾਂਦੇ ਹਨ। ਨਾਮਧਾਰੀ ਪੰਥ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਮੰਨੇ ਜਾਂਦੇ ਹਨ ਜਿਹਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਮੁਰਝਾਈ ਸਿੱਖੀ ਨੂੰ ਪੁਨਰ ਸੁਰਜੀਤ ਕਰਕੇ ਉਸੇ ਸੰਗੀਤ ਪ੍ਰੰਪਰਾ ਨੂੰ ਫਿਰ ਤੋਂ ਕਾਇਮ ਕੀਤਾ। ਗੁਰਮਤਿ ਸੰਗੀਤ ਦੇ ਪ੍ਰਸਾਰ ਲਈ ਪੁਰਾਣੀਆਂ ਕੀਰਤਨ ਰੀਤਾਂ ਨੂੰ ਸੰਭਾਲਿਆ ਅਤੇ ਸੰਗੀਤ ਦੇ ਪ੍ਰਚਾਰ ਲਈ ਸਫਲ ਯਤਨ ਕੀਤੇ।

1857 ਤੋਂ ਲੈ ਕੇ ਹੁਣ ਤੱਕ ਨਾਮਧਾਰੀ ਸੰਪਰਦਾ ਦੇ ਸੰਗੀਤ ਪ੍ਰਤੀ ਯੋਗਦਾਨ ਨੂੰ ਚਾਰ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ।

1. 1857 ਈ. ਤੋਂ 1872 ਈ. ਤੱਕ
2. 1872 ਈ. ਤੋਂ 1923 ਈ. ਤੱਕ
3. 1923 ਈ. ਤੋਂ 1959 ਈ. ਤੱਕ
4. 1959 ਈ. ਤੋਂ ਲੈ ਕੇ ਵਰਤਮਾਨ ਸਮੇਂ ਤੱਕ

1857 ਈ. ਤੋਂ 1872 ਈ. ਤੱਕ ਦਾ ਸਮਾਂ ਸਤਿਗੁਰੂ ਰਾਮ ਸਿੰਘ ਜੀ ਦਾ ਸੀ ਅਤੇ ਉਹਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਮੁਰਝਾਈ ਸਿੱਖੀ ਨੂੰ ਪੁਨਰ ਸੁਰਜੀਤ ਕਰਕੇ ਸੰਤ ਖਾਲਸਾ ਸਾਜਿਆ ਅਤੇ ਗੁਰਬਾਣੀ ਸੰਗੀਤ ਦੀ ਟਕਸਾਲੀ ਪਰੰਪਰਾ ਨੂੰ ਵੀ ਪਹਿਲਾਂ ਵਾਂਗ ਕਾਇਮ ਕੀਤਾ। ਸਤਿਗੁਰੂ ਜੀ ਦੇ ਹਜ਼ੂਰ ਅੰਮ੍ਰਿਤ ਵੇਲੇ ਆਸਾਂ ਦੀ ਵਾਰ ਦਾ ਕੀਰਤਨ ਹੁੰਦਾ ਅਤੇ ਪਿਛਲੇ ਪਹਿਰ ਦੇ ਦੀਵਾਨ ਵੀ ਸਜਾਏ ਜਾਂਦੇ ਸਨ। 19ਵੀਂ ਸਦੀ ਦੇ 8ਵੇਂ ਦਹਾਕੇ ਵਿੱਚ ਬਾਬਾ ਕਾਹਲਾ ਸਿੰਘ ਜੀ ਦੇ ਲਿਖੇ ਗਏ ਬਾਰਾ ਮਾਂਹ ਵਿੱਚ ਨਾਮ, ਬਾਣੀ ਅਤੇ ਕੀਰਤਨ ਦੇ ਨਿਰੰਤਰ ਪ੍ਰਵਾਹ ਨੂੰ ਬਿਆਨ ਕਰਦੇ ਹਨ –

ਸਿੰਘ ਘਰ ਘਰ ਭੋਗ ਪਵਾਉਣ,
ਸੰਗਤਾਂ ਦਰਸ਼ਨ ਨੂੰ ਚੱਲ ਆਵਣ॥
ਰਾਗੀ ਸੋਹਣੇ ਸ਼ਬਦ ਸੁਣਾਵਣ,
ਸਿੰਘ ਹੋ ਮਸਤਾਨੇ ਜਾਵਣ॥

ਇਸੇ ਹੀ ਸਮੇਂ ਦੇ ਇੱਕ ਹੋਰ ਵਿਦਵਾਨ ਕਵੀ ਨਿਹਾਲ ਸਿੰਘ ਜੀ ਨੇ ਵੀ ਬਾਰਾ ਮਾਂਹ ਦੇ ਕੀਰਤਨ ਬਾਰੇ ਲਿਖਿਆ ਹੈ।

ਹਾੜ ਹੋਰ ਗਲ ਚੰਗੀ, ਵਜੇ ਸਾਰੰਦਾ ਸਾਰੰਗੀ,
ਸ਼ਬਦ ਪੜ੍ਹਦੇ ਬੇਅੰਤ, ਅੰਤ ਰਹੇ ਨਾ ਸੁਆਦ ਦਾ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਹੀ ਨਿਰੰਤਰ ਚਲਦੀ ਰਹੀ ਪ੍ਰੰਪਰਾਗਤ ਸ਼ੈਲੀ ਵਿੱਚ ਤੰਤੀ ਸਾਜਾਂ ਨਾਲ ਸ਼ਬਦ ਕੀਰਤਨ ਦੇ ਨਾਲ ਇੱਕ ਹੋਰ ਪਰੰਪਰਾ ਹੱਲੇ ਦਾ ਕੀਰਤਨ ਸ਼ੁਰੂ ਕੀਤਾ। ਗੁਰੂ ਗੋਬਿੰਦ ਸਿੰਘ ਜੀ ਦੇ ਅਰੰਭੇ ਗਏ ਹੋਲੇ ਮਹੱਲੇ ਦੀ ਪ੍ਰੰਪਰਾ ਨੂੰ ਅੱਗੇ ਤੋਰਦਿਆਂ ਲੋਕ ਧੁਨਾਂ ਤੇ ਅਧਾਰਿਤ ਮਿਸ਼ਰਤ ਰਾਗ ਜਿਵੇਂ ਪਹਾੜੀ, ਪੀਲੂ, ਭੈਰਵੀ, ਕਾਫੀ ਦੇਸ਼, ਖਮਾਜ, ਆਸਾ ਅਤੇ ਜ਼ਿਲਾ ਆਦਿਕ ਰਾਗਾਂ ਵਿੱਚ ਹੱਲੇ ਦਾ ਕੀਰਤਨ ਸ਼ੁਰੂ ਕੀਤਾ ਗਿਆ। ਹੱਲੇ ਦੇ ਕੀਰਤਨ ਵਿੱਚ ਪ੍ਰੇਮ, ਵੈਰਾਗ ਅਤੇ ਬੀਰ ਰਸ ਦਾ ਪ੍ਰਗਟਾਵਾ ਹੁੰਦਾ ਸੀ। ਜਿਵੇਂ ਮੁਸਲੇਧਾਰ ਬਾਰਿਸ਼ ਦਾ ਪਾਣੀ ਸਭ ਗੰਦਗੀ ਵਾਲਾ ਕੂੜਾ ਕਰਕਟ ਰੋੜ ਕੇ ਲੈ ਜਾਂਦਾ ਹੈ। ਧਰਤੀ ਦਾ ਅੰਤਰ ਕਣ ਸਾਫ ਤੇ ਨਿਰਮਲ ਹੋ ਜਾਂਦਾ ਹੈ। ਇਸੇ ਤਰ੍ਹਾਂ ਹੱਲੇ ਦੇ ਕੀਰਤਨ ਸੁਣ ਕੇ 'ਰਉ ਲੋਟ ਪੋਟ ਹੋਇ ਪਈਆਂ' ਅਨੁਸਾਰ ਸਰੋਤੇ ਸ਼ਬਦ ਵਿੱਚ ਮਸਤ ਹੋ ਕੇ ਨੱਚਦੇ ਅਤੇ ਵਿਰਾਗਮਈ ਅਵਸਥਾ ਵਿੱਚ ਆ ਜਾਂਦੇ ਅਤੇ ਝੂਮਣ ਲੱਗਦੇ ਤੇ ਕੂਕਣ ਲੱਗ ਜਾਂਦੇ ਤੇ' ਨਾਚ ਰੇ ਮਨ ਗੁਰ ਕੈ ਆਗੈ' ਵਾਲੀ ਗੁਰਬਾਣੀ ਦੀ ਤੁਕ ਸਫਲ ਹੋ ਜਾਂਦੀ। ਇਹੋ ਜਿਹੀ ਅਵਸਥਾ ਵਿੱਚ ਲੋਕ ਨਾਮਧਾਰੀ ਸਿੰਘਾਂ ਨੂੰ ਕੂਕੇ ਆਖਣ ਲੱਗ ਪਏ ਸਨ। ਇਹਦੇ ਨਾਲ ਨਾਲ ਬੀਰ ਰਸ ਵਾਲੇ ਹੱਲੇ ਦੇ ਕੀਰਤਨ ਨੇ ਨਾਲ ਨਾਲ ਅੰਗਰੇਜਾਂ ਦੇ ਖਿਲਾਫ਼ ਬਰਤਾਨਵੀਂ ਸਾਮਰਾਜ ਵਿਰੁੱਧ ਵੀ ਕੂਕ ਮਾਰੀ ਅਰਥਾਤ ਸਤਿਗੁਰੂ ਰਾਮ ਸਿੰਘ ਜੀ ਨੇ ਬੀਰ ਰਸ ਦੇ ਕੀਰਤਨ ਦੇ ਨਾਲ ਨਾਮਧਾਰੀ ਸਿੱਖਾਂ ਵਿੱਚ ਐਸੀ ਦੇਸ਼ ਭਗਤੀ ਦੀ ਰੂਹ ਫੂਕੀ ਕਿ ਅੰਗਰੇਜਾਂ ਦਾ ਸੰਪੂਰਨ ਬਾਈਕਾਟ ਕਰਕੇ ਅੰਗਰੇਜ਼ੀ ਸਾਮਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਅਤੇ ਭਾਰਤੀ ਸਾਮਰਾਜ ਸਥਾਪਤ ਕਰਨ ਲਈ ਸੰਗੀਤ ਦਾ ਸਹਾਰਾ ਲੈ ਕੇ ਸਤਿਗੁਰੂ ਰਾਮ ਸਿੰਘ ਜੀ ਨੇ ਮਹਾਤਮਾ ਗਾਂਧੀ ਤੋਂ ਤਕਰੀਬਨ 100 ਸਾਲ ਪਹਿਲਾਂ ਅੰਗਰੇਜਾਂ ਦਾ ਬਾਈਕਾਟ ਕਰਕੇ ਦੇਸ਼ ਨੂੰ ਆਜ਼ਾਦ ਕਰਵਾਉਣ ਦਾ ਮੁੱਢ ਬੰਨ੍ਹਿਆ ਤੇ ਬਾਅਦ ਵਿੱਚ ਮਹਾਤਮਾ ਗਾਂਧੀ ਨੇ ਉਸੇ ਨਾ ਮਿਲਵਰਤਨ ਲਹਿਰ ਦੇ ਸਹਾਰੇ ਦੇਸ਼ ਨੂੰ ਆਜ਼ਾਦ ਕਰਵਾਇਆ। ਇਸ ਤਰਾਂ ਇਤਿਹਾਸ ਵਿੱਚ ਜੰਗੇ ਆਜ਼ਾਦੀ ਦੇ ਮੋਢੀ ਵੀ ਸਤਿਗੁਰੂ ਰਾਮ ਸਿੰਘ ਜੀ ਨੂੰ ਮੰਨਿਆ ਗਿਆ। ਨਾਮਧਾਰੀ ਸਿੰਘ ਅਲੱਗ-ਅਲੱਗ ਜਗ੍ਹਾ ਜਾ ਕੇ ਸੰਗੀਤਕ ਧੁਨਾਂ, ਬੀਰ ਰਸ ਦੇ ਕੀਰਤਨ ਅਤੇ ਪੁਰਾਤਨ ਸਿੱਖ ਇਤਿਹਾਸ ਦੀਆਂ ਗਾਥਾਵਾਂ ਸੁਣਾ ਕੇ ਦੇਸ਼ ਭਗਤੀ ਦੀ

ਭਾਵਨਾ ਵੀ ਕੁੱਟ-ਕੁੱਟ ਕੇ ਭਰ ਦਿੱਤੀ। ਕੂਕਿਆਂ ਬਾਰੇ ਬੋਲੀਆਂ ਵੀ ਪ੍ਰਚੱਲਤ ਹੋ ਗਈਆਂ ਜਿਵੇਂ :-

ਪੰਥ ਤਾਂ ਜੱਗ ਤੇ ਬਹੁਤ ਚੱਲੇ ਪਰ ਕੂਕਿਆਂ ਦਾ ਪੰਥ ਨਿਰਾਲਾ
ਹੱਥ ਦੇ ਵਿੱਚ ਗੜਵੇ ਰੱਖਦੇ ਗਲ ਵਿੱਚ ਉਨ ਦੀ ਮਾਲਾ
ਗਹਿਣਾ ਗਿੱਟਾ ਮੂਲ ਨਾ ਪੌਂਦੇ, ਸਿੱਧਾ ਰੱਖਦੇ ਚਾਲਾ
ਅੰਗਰੇਜਾਂ ਦੀ ਈਨ ਨਾ ਮੰਨਦੇ, ਮੰਗਿਆਂ ਦੇਣ ਨਾ ਹਾਲਾ
ਰਾਜ ਫਰੰਗੀਆਂ ਦਾ, ਚੰਦ ਰੋਜ ਦਾ ਚਾਲਾ
ਬਈ ਰਾਜ ਫਰੰਗੀਆਂ ਦਾ, ਚੰਦ ਰੋਜ ਦਾ ਚਾਲਾ॥

ਜਦੋਂ ਅੰਗ੍ਰੇਜ ਸਰਕਾਰ ਨੇ ਨਾਮਧਾਰੀਆਂ ਦਾ ਪ੍ਰਚਾਰ ਬੰਦ ਕਰਕੇ ਬਹੁਤ ਜ਼ੁਲਮ ਕਰਨਾ ਸ਼ੁਰੂ ਕੀਤਾ ਤੇ ਸੰਨ 1872 ਜਨਵਰੀ 'ਚ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ਼ ਨਿਕਾਲਾ ਦੇ ਦਿੱਤਾ। ਨਾਮਧਾਰੀ ਦੀਵਾਨਾਂ ਤੇ ਵੀ ਰੋਕ ਲਗਾ ਦਿੱਤੀ ਗਈ ਤਾਂ ਸੰਨ 1874 ਈਸਵੀ ਵਿੱਚ ਪੰਥ ਦੀ ਵਾਗ ਡੋਰ ਸਤਿਗੁਰੂ ਹਰੀ ਸਿੰਘ ਜੀ ਨੇ ਸੰਭਾਲੀ ਅਤੇ ਸੰਨ 1923 ਈ. ਤੱਕ ਸ਼੍ਰੀ ਭੈਣੀ ਸਾਹਿਬ ਨੂੰ ਬਰਤਾਨਵੀ ਸਰਕਾਰ ਨੇ ਨਜ਼ਰਬੰਦ ਬਣਾਈ ਰੱਖਿਆ। ਇੰਨੀਆਂ ਸਖਤੀਆਂ ਹੋਣ ਦੇ ਬਾਵਜੂਦ ਵੀ ਸਤਿਗੁਰੂ ਹਰੀ ਸਿੰਘ ਜੀ ਨੇ ਕੀਰਤਨ ਦਾ ਪ੍ਰਵਾਹ ਜਾਰੀ ਰੱਖਿਆ ਅਤੇ 22 ਜੋੜੀਆਂ ਆਪ ਜੀ ਦੇ ਹਜੂਰ ਰਬਾਬੀਆਂ ਦੀਆਂ ਕੀਰਤਨ ਕਰਨ ਲਈ ਹੰਦੀਆਂ ਸਨ। ਸੰਨ 1906 ਵਿੱਚ ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਨਾਮਧਾਰੀ ਪੰਥ ਦੀ ਵਾਗਡੋਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਭਾਲੀ। ਆਪ ਨੇ ਗੁਰਮਤਿ ਸੰਗੀਤ ਦੀ ਉੱਚ ਪੱਧਰ ਦੀ ਸਿੱਖਿਆ ਪ੍ਰਸਿੱਧ ਦਿਲਰੁਬਾ ਵਾਦਕ ਉਸਤਾਦ ਮਹੰਤ ਗੱਜਾ ਸਿੰਘ ਜੀ ਦੇ ਸ਼ਗਿਰਦ ਭਾਈ ਮਸਤਾਨ ਸਿੰਘ ਜੀ ਤੋਂ ਪ੍ਰਾਪਤ ਕੀਤੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰ ਭਾਈ ਫਕੀਰੀਆ (ਧੁਲੇਤਾ), ਭਾਈ ਕਾਲੂ ਜੀ, ਭਾਈ ਤਾਬਾ ਜੀ, ਭਾਈ ਸੁਦਰ ਸਿੰਘ, ਭਾਈ ਦਿੱਤੂ, ਭਾਈ ਮਿੱਤੂ ਅਤੇ ਭਾਈ ਗੁਰਮੁਖ ਸਿੰਘ ਸਰਮੁਖ ਸਿੰਘ ਫੱਕਰ ਆਦਿ ਦੇ ਨਾਮ ਇਤਿਹਾਸ ਦੇ ਪੰਨਿਆਂ ਤੇ ਅੰਕਿਤ ਹਨ। ਸੰਨ 1923 ਈ. ਤੋਂ ਸ਼੍ਰੀ ਭੈਣੀ ਸਾਹਿਬ ਵਿੱਚੋਂ ਪੁਲਿਸ ਚੌਂਕੀ ਵੀ ਚੁੱਕੀ ਗਈ। ਇਸ ਸਮੇਂ ਹੋਰਨਾਂ ਧਾਰਮਿਕ ਅਤੇ ਸਮਾਜ ਸੇਵੀ ਕੰਮਾਂ ਦੇ ਨਾਲ-ਨਾਲ ਮੁਖ ਤੌਰ ’ਤੇ ਗੁਰਮਤਿ ਸੰਗੀਤ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ ਸੀ। ਆਪ ਨੇ ਗੁਰਮਤਿ ਸੰਗੀਤ ਦੀਆਂ ਪੁਰਾਤਨ ਰੀਤਾਂ ਨੂੰ ਪੁਨਰ ਸੁਰਜੀਤ ਅਤੇ ਸੰਭਾਲ ਦਾ ਕੰਮ ਆਰੰਭਿਆ। ਦੇਸ਼ ਵਿੱਚ ਆਜ਼ਾਦੀ ਦਾ ਸੰਘਰਸ਼ ਵੀ ਪੂਰ ਜੋਰਾਂ ਤੇ ਸੀ ਪਰ ਇਹਦੇ ਨਾਲ-ਨਾਲ ਆਪ ਨੇ ਭਾਰਤੀ ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਲਈ ਮਹਾਨ ਉਸਤਾਦਾਂ ਨਾਲ ਸੰਪਰਕ ਕਰਕੇ ਨਾਮਧਾਰੀ ਹੀ ਨਹੀਂ ਸਮੁੱਚੀ ਸਿੱਖ ਕੌਮ ਨੂੰ ਸੰਗੀਤ ਸਿੱਖਣ ਲਈ ਪ੍ਰੇਰਤ ਕੀਤਾ ਅਤੇ ਆਪਣੇ ਵੱਡੇ ਸਪੁੱਤਰ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਾਢੇ ਚਾਰ ਸਾਲ ਦੀ ਉਮਰ ਤੋਂ ਹੀ ਸੰਗੀਤ ਅਚਾਰਿਆ ਭਾਈ ਹਰਨਾਮ ਸਿੰਘ ਜੀ ਤੋਂ ਸ਼ੁਰੂ ਕਰਵਾਈ ਅਤੇ ਸੰਨ 1928 ਈਸਵੀ ਵਿੱਚ ਸ਼੍ਰੀ ਭੈਣੀ ਸਾਹਿਬ ਵਿੱਚ ਸੰਗੀਤ ਵਿਦਿਆਲਾ ਵੀ ਸਥਾਪਤ ਕੀਤਾ। ਜਿਸ ਵਿੱਚ ਸ਼ਾਸਤਰੀ ਸੰਗੀਤ ਤੋਂ ਇਲਾਵਾ ਪੰਜਾਬੀ, ਹਿੰਦੀ, ਸੰਸਕ੍ਰਿਤ ਭਾਸ਼ਾਵਾਂ ਦੇ ਨਾਲ-ਨਾਲ ਕੁਸ਼ਤੀ, ਘੋੜ ਸਵਾਰੀ ਅਤੇ ਤੈਰਾਕੀ ਆਦਿ ਦਾ ਗਿਆਨ ਦੇਣ ਦਾ ਪ੍ਰਬੰਧ ਕੀਤਾ ਗਿਆ। ਸੰਗੀਤ ਵਿਦਿਆਲੇ ਦੇ ਪਹਿਲੇ ਸਿੱਖਿਆਰਥੀਆਂ ਵਿੱਚ ਆਪ ਜੀ ਦੇ ਦੋਵੇਂ ਸਾਹਿਬਜ਼ਾਦੇ ਅਤੇ ਪ੍ਰੀਤਮ ਸਿੰਘ ਕਵੀ ਵਰਗੇ ਵਿਦਵਾਨ ਵੀ ਸ਼ਾਮਲ ਸਨ। ਸਾਰੇ ਸੰਗੀਤ ਵਿਦਿਆਰਥੀ ਦੋ ਟੋਲੀਆਂ ਵਿੱਚ ਅਰਥਾਤ ਸਵੇਰੇ ਚਾਰ ਤੋਂ ਸੱਤ ਅਤੇ ਸ਼ਾਮੀਂ ਪੰਜ ਤੋਂ ਰਾਤ ਅੱਠ ਵੱਜੇ ਤੱਕ ਸਿੱਖਿਆ ਗ੍ਰਹਿਣ ਕਰਦੇ। ਉਸਤਾਦ ਲੋਕ ਹਰਮੋਨੀਅਮ ਸਿਰਫ ਸਾਜ ਸੁਰ ਕਰਨ ਲਈ ਹੀ ਵਰਤਦੇ ਅਤੇ ਕੀਰਤਨ ਸਿੱਖਿਆ ਤੰਤੀ ਸਾਜਾਂ ਨਾਲ ਹੀ ਦਿੰਦੇ ਅਤੇ ਗੁਰੂ ਨਾਨਕ ਦੇਵ ਜੀ ਦੁਆਰਾ ਨਿਰਧਾਰਿਤ ਪਰੰਪਰਾ ਅਨੁਸਾਰ ਹੀ ਕੀਰਤਨ ਦੀ ਸਿੱਖਿਆ ਦਿੰਦੇ ਸਨ। ਹੋਰ ਸਾਜਾਂ ਵਿੱਚ ਤਾਨਪੁਰਾ, ਦਿਲਰੁਬਾ, ਤਾਊਸ, ਜੋੜੀ ਪਖਾਵਜ ਆਦਿ ਦੀ ਸਿੱਖਿਆ ਦਿੱਤੀ ਜਾਂਦੀ ਸੀ। ਸਾਰੇ ਸੰਗੀਤ ਸਿਖਿਆਰਥੀਆਂ ਨੂੰ ਤਿੰਨ ਤਰਾਂ ਦੀ ਸ਼ੁੱਧੀ ਦਾ ਧਿਆਨ ਰੱਖਣਾ ਪੈਂਦਾ ਸੀ-

(1) ਸ਼ਬਦ ਸ਼ੁੱਧੀ, (2) ਰਾਗ ਸ਼ੁੱਧੀ (3) ਲੈਅ ਤਾਲ ਦੀ ਸ਼ੁੱਧੀ

ਸ਼ਾਸਤਰੀ ਸੰਗੀਤ ਦੀਆਂ ਬਰੀਕੀਆਂ ਨੂੰ ਹੋਰ ਵੀ ਗਹਿਰਾਈ ਵਿੱਚ ਸਿਖਾਉਣ ਲਈ ਤਲਵੰਡੀ ਘਰਾਣੇ ਦੇ ਪ੍ਰਸਿੱਧ ਗਾਇਕ ਕਲਾਵੰਤ ਉਸਤਾਦ ਰਹੀਮ ਬਖਸ਼ (ਪਿੰਡ ਰਾਮਪੁਰ ਲੁਧਿਆਣਾ) ਅਤੇ ਉਹਨਾਂ ਦੇ ਪਿਤਾ ਉਸਤਾਦ ਊਧੋ ਖਾਨ ਨੂੰ ਸ਼੍ਰੀ ਭੈਣੀ ਸਾਹਿਬ ਵਿੱਚ ਉਸਤਾਦ ਨਿਯੁਕਤ ਕੀਤਾ ਗਿਆ ਅਤੇ ਸੰਗੀਤ ਵਿਦਿਆਲੇ ਵਿੱਚ ਸਵੇਰ ਵੇਲੇ ਰਾਗ ਆਸਾ, ਭੈਰਉ, ਰਾਮਕਲੀ, ਭੈਰਵੀ, ਆਸਾਵਰੀ, ਟੋਡੀ ਦੇ ਪ੍ਰਕਾਰ, ਬਿਲਾਵਲ ਆਦਿ ਅਤੇ ਦੁਪਿਹਰ ਦੇ ਰਾਗ ਤਿਲੰਗ ਅਤੇ ਸਾਰੰਗ ਆਦਿ ਸਿਖਾਏ ਜਾਂਦੇ। ਰਾਤ ਵੇਲੇ, ਸੰਧਿਆ ਦੇ ਰਾਗ ਭੀਮ ਪਲਾਸੀ, ਭੂਪਾਲੀ, ਕਾਨੜਾ ਆਦਿ ਤੋਂ ਇਲਾਵਾ ਕਲਿਆਣ, ਸੋਰਠ, ਦੇਸ ਅਤੇ ਮਾਲਕੌਂਸ ਆਦਿ ਰਾਗ ਵੀ ਸਿਖਾਏ ਜਾਂਦੇ। ਦੋਨਾਂ ਉਸਤਾਦਾਂ ਨੇ ਸੈਂਕੜੇ ਘਰਾਣੇਦਾਰ ਬੰਦਿਸ਼ਾਂ ਦਾ ਗਿਆਨ ਸਿਖਿਆਰਥੀਆਂ ਨੂੰ

ਦਿੱਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦਿਲੀ ਤਮੰਨਾ ਸੀ ਕਿ ਨਾਮਧਾਰੀ ਸੰਪਰਦਾ ਕੋਲ ਪੁਰਾਣੀਆਂ ਅਤੇ ਨਵੀਆਂ ਬੰਦਿਸ਼ਾਂ ਦਾ ਖ਼ਜ਼ਾਨਾ ਜਮ੍ਹਾਂ ਹੋਵੇ ਅਤੇ ਗੁਰੂ ਨਾਨਕ ਦੇਵ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਵਲੋਂ ਸ਼ੁਰੂ ਕੀਤੀ ਟਕਸਾਲੀ ਕੀਰਤਨ ਪੰਰਪਰਾ ਦੇ ਨਾਲ-ਨਾਲ ਸ਼ਾਸਤਰੀ ਸੰਗੀਤ ਦੀਆਂ ਬਾਰੀਕੀਆਂ ਵੀ ਬੱਚਿਆਂ ਨੂੰ ਸਿਖਾਈਆਂ ਜਾਣ। ਇਸੇ ਮੰਤਵ ਦੀ ਪੂਰਤੀ ਲਈ ਭਾਈ ਨਸੀਰ ਜੀ ਨੂੰ ਪਖਾਵਜ ਅਤੇ ਮਿਰਦੰਗ ਦੇ ਖੁੱਲੇ ਬੋਲ ਸਿਖਾਉਣ ਲਈ ਨਿਯੁਕਤ ਕੀਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਲਈ ਸਿੱਖ ਪੰਥ ਦੇ ਵਿਦਵਾਨ ਸੰਗੀਤਕਾਰਾਂ ਨੂੰ ਇੱਕ ਮੰਚ ਪ੍ਰਦਾਨ ਕਰਨ ਲਈ ਸੰਨ 1933 ਈ. ਵਿੱਚ ਇੱਕ ਮਹਾਨ ਗੁਰਮਤ ਸੰਗੀਤ ਸੰਮੇਲਨ ਕਰਵਾਇਆ ਗਿਆ ਅਤੇ ਇੱਕ ਸੰਗੀਤ ਮੁਕਾਬਲਾ ਵੀ ਕਰਵਾਇਆ ਗਿਆ ਜਿਸ ਵਿੱਚ ਕੁਝ ਨਿਯਮ ਨਿਰਧਾਰਿਤ ਕੀਤਾ ਗਏ ਜਿਵੇਂ:-

1) ਸ਼ਬਦ ਜਿਸ ਰਾਗ ਵਿੱਚ ਲਿਖਿਆ ਹੈ ਉਸੇ ਰਾਗ ਵਿੱਚ ਅਤੇ ਸ਼ੁਧ ਸਰੂਪ ਵਿੱਚ ਗਾਇਆ ਜਾਵੇ।

2) ਸ਼ਬਦ ਵਿੱਚ ਲਗ ਮਾਤਰ ਆਦਿ ਦੀ ਸਹੀ ਵਰਤੋਂ ਕਰਦਿਆਂ ਹੀ ਉਚਾਰਣ ਕੀਤਾ ਜਾਵੇ।

3) ਇੱਕਸਾਰ ਅਤੇ ਟਿਕਵੀਂ ਲੈਅ ਵਿੱਚ ਗਾਉਣਾ।

4) ਸ਼ਬਦ ਨੂੰ ਧਰੁਪਦ ਅੰਗ ਵਿੱਚ ਹੀ ਗਾਇਆ ਜਾਵੇ।

5) ਸ਼ਬਦ ਜੁਬਾਨੀ ਗਾਇਆ ਜਾਵੇ ਅਤੇ ਤੰਤੀ ਸਾਜਾਂ ਦਾ ਪ੍ਰਯੋਗ ਹੀ ਕੀਤਾ ਜਾਵੇ।

ਇਸ ਸੰਗੀਤ ਮੁਕਾਬਲੇ ਵਿੱਚ ਭਾਈ ਕਾਹਨ ਸਿੰਘ ਨਾਭਾ (ਮਹਾਨ ਵਿਦਵਾਨ ਅਤੇ ਸੰਗੀਤ ਆਚਾਰਿਆ), ਸ. ਮੁਕੰਦ ਸਿੰਘ ਅੰਬਾਲਾ (ਸ਼ਾਸਤਰੀ ਗਾਇਕ), ਸੰਤ ਹੀਰਾ ਸਿੰਘ ਅਤੇ ਬਾਬਾ ਨਿਹਾਲ ਸਿੰਘ ਨੂੰ ਜੱਜ ਨਿਯੁਕਤ ਕੀਤਾ ਗਿਆ ਸੀ। ਭਾਰਤੀ ਸ਼ਾਸਤਰੀ ਅਤੇ ਗੁਰਮਤਿ ਸੰਗੀਤ ਨੂੰ ਪ੍ਰਫੁੱਲਤ ਕਰਨ ਲਈ ਕਰਵਾਏ ਗਏ ਤਿੰਨਾਂ ਦਿਨਾਂ ਦੇ ਸਮਾਗਮ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਪਹਿਲਾ ਇਨਾਮ ਭਾਈ ਹਰਨਾਮ ਸਿੰਘ ਠਿੱਟਾ ਟਿੱਬਾ (ਜ਼ਿਲ੍ਹਾ ਕਪੂਰਥਲਾ) ਨੇ ਪ੍ਰਾਪਤ ਕੀਤਾ ਜਿਸ ਨੂੰ ਇੱਕ ਵਧੀਆ ਘੋੜਾ ਅਤੇ ਮਾਇਆ ਦੇ ਕੇ ਸਨਮਾਨਤ ਵੀ ਕੀਤਾ ਗਿਆ। ਭਾਈ ਲਾਲ ਸਿੰਘ ਅੰਮ੍ਰਿਤਸਰ ਨੇ ਦੂਜਾ ਇਨਾਮ ਪ੍ਰਾਪਤ ਕੀਤਾ ਜਿਸ ਨੂੰ ਲਵੇਰੀ ਮੱਝ ਅਤੇ ਮਾਇਆ ਦੇ ਕੇ ਸਨਮਾਨਤ ਵੀ ਕੀਤਾ ਗਿਆ। ਅਤੇ ਤੀਸਰਾ ਇਨਾਮ ਭਾਈ ਸਮੁੰਦ ਸਿੰਘ ਜੀ ਨੇ ਪ੍ਰਾਪਤ ਕੀਤਾ ਜਿਸ ਨੂੰ ਸਾਹੀਵਾਲ ਨਸਲ ਦੀ ਲਵੇਰੀ ਗਊ ਦਿੱਤੀ ਗਈ। ਸਤਿਗੁਰੂ ਪ੍ਰਤਾਪ ਸਿੰਘ ਜੀ ਹਮੇਸ਼ਾ ਬਚਨ ਕਰਿਆ ਕਰਦੇ ਸਨ ਕਿ "ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਨੂੰ ਰਾਗ ਬਖਸ਼ਿਆ ਹੈ, ਕੁਝ ਸਿੱਖਿਆ ਕਰੋ ਕੁਝ ਗਾਇਆ ਕਰੋ... ਹਰ ਸਿੱਖ ਦੇ ਬੱਚੇ 'ਚੋਂ ਰਾਗ ਦੀ ਕੁਝ ਨਾ ਕੁਝ ਖੁਸ਼ਬੋ ਜਰੂਰ ਆਉਂਣੀ ਚਾਹੀਦੀ ਹੈ। "

ਅਗਸਤ 1959 ਈ. ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਨਾਮਧਾਰੀ ਪੰਥ ਦੀ ਵਾਗਡੋਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਭਾਲੀ। ਉਦੋਂ ਆਪ ਦੀ ਉਮਰ ਸਿਰਫ 39 ਸਾਲ ਸੀ। ਗੁਰਗੱਦੀ ਤੇ ਬੈਠਦਿਆਂ ਹੀ ਆਪ ਗੁਰਮਤਿ ਤੇ ਭਾਰਤੀ ਸ਼ਾਸਤਰੀ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਅਣਥੱਕ ਯਤਨ ਕਰਦੇ ਰਹੇ। ਸ਼ੁਰੂ ਵਿੱਚ ਵੀ ਆਪ ਨੇ ਸ਼੍ਰੀ ਜੀਵਨ ਨਗਰ (ਹਰਿਆਣਾ) ਵਿਖੇ ਪੰਡਿਤ ਮਹਾਂਦੇਵ ਜੀ ਕਥਿੱਕ ਕੋਲੋਂ ਹਰਭਜਨ ਸਿੰਘ, ਗੁਰਦੇਵ ਸਿੰਘ ਅਤੇ ਸੁਰਜੀਤ ਸਿੰਘ ਨੂੰ ਸਿੱਖਣ ਲਈ ਭੇਜਿਆ। ਤਬਲੇ ਲਈ ਉਸਤਾਦ ਨਿਹਾਲ ਸਿੰਘ ਪਖਾਵਜੀ ਨੂੰ ਵੀ ਨਿਯੁਕਤ ਕੀਤਾ। 1974 ਈਸਵੀ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਖੁਦ ਉਸਤਾਦ ਮਹਿੰਦਰ ਸਿੰਘ ਠੁਮਰੀ ਵਾਲੇ ਅੰਮ੍ਰਿਤਸਰ ਅਤੇ ਉਸਤਾਦ ਨਿਹਾਲ ਸਿੰਘ ਜੀ ਨਾਲ ਮਿਲ ਕੇ 10-12 ਸਾਲ ਦੇ ਬੱਚੇ ਬਲਜੀਤ ਸਿੰਘ, ਮੋਹਣ ਸਿੰਘ, ਸੁਖਦੇਵ ਸਿੰਘ , ਸੁਖਦੇਵ ਸਿੰਘ, ਸੁਖਦੇਵ ਸਿੰਘ ਸੁੱਖੀ, ਹਰਜਿੰਦਰ ਸਿੰਘ, ਸੁਰਜੀਤ ਸਿੰਘ (ਦਿੱਲੀ ਵਾਲੇ) ਅਤੇ ਸੁਖਵਿੰਦਰ ਸਿੰਘ ਪਿੰਕੀ (ਜੋੜੀ ਪਖਾਵਜ) ਆਦਿ ਨੂੰ ਸੰਗੀਤ ਸਿਖਾਉਣਾ ਸ਼ੁਰੂ ਕੀਤਾ ਅਤੇ ਜੋ ਅੱਜ ਦੁਨੀਆਂ ਵਿੱਚ ਆਪਣੀ ਵਿਲੱਖਣ ਕਲਾ ਦਾ ਪ੍ਰਦਰਸ਼ਨ ਕਰ ਚੁੱਕੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਤਾਂ ਸ਼੍ਰੀ ਭੈਣੀ ਸਾਹਿਬ ਨੂੰ ਸੰਗੀਤ ਦਾ ਤੀਰਥ ਸਥਾਨ ਹੀ ਬਣਾ ਦਿੱਤਾ। ਜਿੱਥੇ ਵੱਡੇ-ਵੱਡੇ ਉਸਤਾਦ ਹਫਤਾਵਾਰ ਜਾਂ ਮਹੀਨੇ ਵਾਰ ਆ ਕੇ ਸੰਗੀਤ ਸਿਖਾਉਂਦੇ, ਉੱਥੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਸਿਖਿਆਰਥੀਆਂ ਨੂੰ ਅਲੱਗ-ਅਲੱਗ ਜਗ੍ਹਾ ਭੇਜ ਕੇ ਭਾਰਤੀ ਸ਼ਾਸਤਰੀ ਸੰਗੀਤ ਸਿਖਾਉਣ ਦਾ ਸ਼ਲਾਘਾਯੋਗ ਉੱਦਮ ਕੀਤਾ। ਜਿਨ੍ਹਾਂ ਵਿੱਚੋਂ ਸੰਤੂਰ ਵਾਦਕ ਪੰਡਿਤ ਸ਼ਿਵ ਕੁਮਾਰ ਸ਼ਰਮਾਂ ਜੀ ਕੋਲ ਹਰਜਿੰਦਰ ਸਿੰਘ (ਜਬਲਪੁਰ), ਕਿਰਨਪਾਲ ਸਿੰਘ (ਇੰਗਲੈਂਡ) ਅਤੇ ਬਾਅਦ ਵਿੱਚ ਕਾਕਾ ਬਲਵੰਤ ਸਿੰਘ ਹੁਣ ਹਜ਼ੂਰੀ ਰਾਗੀ (ਸ਼੍ਰੀ ਭੈਣੀ ਸਾਹਿਬ), ਸਿਰਮੌਰ ਸਾਰੰਗੀ ਵਾਦਕ ਪੰ. ਰਾਮ ਨਾਰਾਇਣ ਜੀ ਕੋਲ ਸੁਰਜੀਤ ਸਿੰਘ (ਦਿੱਲੀ), ਪ੍ਰਸਿੱਧ ਤਬਲਾ ਵਾਦਕ ਪੰਡਿਤ ਕਿਸ਼ਨ ਮਹਾਰਾਜ ਜੀ (ਬਨਾਰਸ ਵਾਲੇ) ਦੇ ਸ਼ਗਿਰਦ ਸੁਖਵਿੰਦਰ ਸਿੰਘ ਪਿੰਕੀ, ਸੁਖਦੇਵ ਸਿੰਘ (ਜਲੰਧਰ) ਅਤੇ

ਸੁਖਦੇਵ ਸਿੰਘ ਸੁੱਖੀ, ਸਿਤਾਰ ਵਾਦਕ ਉਸਤਾਦ ਇਮਰਤ ਖਾਨ ਸਾਹਿਬ ਦੇ ਕੋਲ ਸੁਰਿੰਦਰ ਸਿੰਘ ਸ਼ਿੰਦਰੀ, ਗੁਰਮੁਖ ਸਿੰਘ (ਸ੍ਰੀ ਭੈਣੀ ਸਾਹਿਬ), ਅਮਰੀਕ ਸਿੰਘ (ਸਰਹਾਲੀ ਵਾਲੇ) ਅਤੇ ਚਰਨ ਸਿੰਘ ਜੰਮੂ ਨੂੰ, ਪੰਡਿਤ ਰਾਜਨ ਸਾਜਨ ਮਿਸ਼ਰਾ ਜੀ ਕੋਲ ਮੋਹਣ ਸਿੰਘ, ਸੁਖਦੇਵ ਸਿੰਘ, ਗੁਰਪ੍ਰੀਤ ਸਿੰਘ ਅਤੇ ਮਨਿੰਦਰ ਸਿੰਘ ਨੂੰ, ਪੰਡਿਤ ਰਾਮ ਜੀ ਮਿਸ਼ਰਾ ਜੋ ਪੰਡਿਤ ਅਨੋਖੇਲਾਲ ਮਿਸ਼ਰਾ (ਬਨਾਰਸ) ਵਾਲਿਆਂ ਦੇ ਸਪੁੱਤਰ ਸਨ, ਕੋਲ ਹਰਪ੍ਰੀਤ ਸਿੰਘ (ਗਵਾਲੀਅਰ) ਨੂੰ, ਉਸਤਾਦ ਅਮਜਦ ਅਲੀ ਜੀ ਕੋਲ ਉਸਤਾਦ ਹਰਭਜਨ ਸਿੰਘ ਅਤੇ ਗੁਰਦੇਵ ਸਿੰਘ, ਹਰਜਿੰਦਰ ਸਿੰਘ, ਸਿਮਰਤ ਮਾਲ ਕੌਰ ਅਤੇ ਗੁਰਮੀਤ ਕੌਰ ਨੂੰ , ਪ੍ਰਸਿੱਧ ਬੰਸਰੀ ਵਾਦਕ ਸ਼੍ਰੀ ਹਰੀ ਪ੍ਰਸਾਦ ਚੁਰਸੀਆ ਕੋਲ ਸੱਤਪਾਲ ਸਿੰਘ ਜੰਮੂ ਅਤੇ ਪ੍ਰਭਜੀਤ ਸਿੰਘ ਨੂੰ, ਪੰਡਿਤ ਬਿਰਜੂ ਮਹਾਰਾਜ ਕੋਲ ਅਮਰ ਸਿੰਘ ਅੰਬਾ ਨੂੰ ਨਿਰਤ ਕਲਾ ਲਈ ਅਤੇ ਉਸਤਾਦ ਵਿਲਾਇਤ ਖਾਨ ਤਾਂ ਸਿਤਾਰ ਸਿਖਾਉਣਲਈ 15-15 ਦਿਨ ਸ਼੍ਰੀ ਭੈਣੀ ਸਾਹਿਬ ਰਹਿ ਕੇ ਜਾਂ ਆਪਣੇ ਕੋਲ ਦੇਹਰਾਦੂਨ ਲਿਜਾ ਕੇ ਸਿਖਾਇਆ ਕਰਦੇ ਸਨ। ਇਹ ਸਾਰੇ ਸਿਖਿਆਰਥੀ ਹੁਣ ਵਿਸ਼ਵ ਭਰ ਦੇ ਨਾਮਵਰ ਕਲਾਕਾਰਾਂ ਦੀ ਸ਼੍ਰੇਣੀ ਵਿੱਚ ਗਿਣੇ ਜਾਂਦੇ ਹਨ ਅਤੇ ਆਪਣੀ ਕਲਾ ਦਾ ਲੋਹਾ ਮੰਨਵਾ ਰਹੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਵਰ ਉਸਤਾਦਾਂ ਦੀਆਂ ਪੁਰਾਤਨ ਬੰਦਿਸ਼ਾਂ ਦਾ ਸੰਗ੍ਰਹਿ ਇਕੱਠਾ ਕਰਕੇ ਨਾਮਧਾਰੀ ਬੱਚਿਆਂ ਨੂੰ ਸਿਖਾਇਆ ਅਤੇ ਖੁਦ ਸੰਗੀਤ ਦੀਆਂ ਬਾਰੀਕੀਆਂ ਨੂੰ ਸਮਝ ਕੇ ਇੰਨੀ ਪਰਪੱਕਤਾ ਅਤੇ ਬਾਖੂਬੀ ਗਾਇਨ ਕਰਦੇ ਸਨ ਜਿਸ ਦੇ ਫਲਸਰੂਪ ਵੱਡੇ ਵੱਡੇ ਉਸਤਾਦ ਵੀ ਸ਼੍ਰੀ ਭੈਣੀ ਸਾਹਿਬ ਆ ਕੇ ਸੁਣਦੇ ਅਤੇ ਸਮਝਦੇ ਸਨ।

ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਅਤੇ ਸ਼ਾਮ ਦਾ ਕੀਰਤਨ ਗੁਰੂ ਨਾਨਕ ਦੇਵ ਜੀ ਤੋਂ ਚਲੀ ਆਰਹੀ ਧੁਰ ਕੀ ਬਾਣੀ ਨੂੰ ਉਸੇ ਪ੍ਰੰਪਰਾ ਅਨੁਸਾਰ ਆਪਣੀ ਹੀ ਇੱਕ ਵਿਲੱਖਣ ਪਹਿਚਾਣ ਬਣਾ ਚੁੱਕਾ ਹੈ।ਇਸ ਦੇ ਨਾਲ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿੱਚ ਸ਼ਾਸਤਰੀ ਸੰਗੀਤ ਸੰਮੇਲਨਾਂ ਦੀ ਲੜੀ ਵੀ ਸ਼ੁਰੂ ਕੀਤੀ ਜਿਸ ਵਿੱਚ ਦੁਨੀਆਂ ਭਰ ਦੇ ਮੰਨੇ ਪ੍ਰਮੰਨੇ ਉਸਤਾਦ ਹਾਜ਼ਰੀ ਭਰ ਕੇ ਆਪਣੇ ਆਪ ਨੂੰ ਵਡਭਾਗੀ ਸਮਝਦੇ ਸਨ। ਇਹ ਸੰਗੀਤ ਸੰਮੇਲਨ ਦਿੱਲੀ, ਬਨਾਰਸ, ਗਵਾਲੀਅਰ ਅਤੇ ਬੈਂਗਲੌਰ ਤੋਂ ਇਲਾਵਾ ਵਿਦੇਸ਼ਾਂ ਵਿੱਚ ਵੀ ਕਰਵਾਏ ਗਏ। ਗੁਰਮਤਿ ਤੇ ਸ਼ਾਸਤਰੀ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਕੇਂਦਰ ਬਿੰਦੂ, ਸੂਤਰਧਾਰ ਅਤੇ ਸੰਚਾਲਕ ਮੰਨੇ ਜਾਂਦੇ ਸਨ। ਉਸਤਾਦ ਅਮਜਦ ਅਲੀ ਖਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਉਸਤਾਦ ਹਾਫਿਜ਼ ਅਲੀ ਮੈਮੋਰੀਅਲ 'ਸੰਗੀਤ ਮਨੀਸ਼ੀ' ਅਵਾਰਡ 1999 ਈ.ਵਿੱਚ ਭੇਂਟ ਕੀਤਾ ਗਿਆ। ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਉਸਤਾਦ ਅਮਜਦ ਅਲੀ ਖਾਂ ਨੇ ਕਿਹਾ ਸੀ –

"ਹਮਾਰੇ ਪਿਤਾ ਜੀ ਕਹਾ ਕਰਤੇ ਥੇ ਕਿ ਸੰਗੀਤ ਕੋ ਬਾਦਸ਼ਾਹ ਸੰਭਾਲਤਾ ਹੈ ਜਾਂ ਫਕੀਰ। ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਦਸ਼ਾਹ ਵੀ ਹੈ ਔਰ ਫਕੀਰ ਵੀ। ਆਪ ਏਕ ਐਸੀ ਸੰਗੀਤਕ ਰੌਸ਼ਨੀ ਹੈ ਜੋ ਪੂਰੇ ਭਾਰਤ ਵਰਸ਼ ਕੇ ਸੰਗੀਤ ਪ੍ਰੇਮੀਆਂ ਕਾ ਮਾਰਗ ਰੁਸ਼ਨਾ ਰਹੇ ਹੈ। "

ਸਿੱਖ ਧਰਮ ਦੇ ਪ੍ਰਸਿੱਧ ਰਾਗੀ (ਕੀਰਤਨੀਏ) ਭਾਈ ਗੁਰਚਰਨ ਸਿੰਘ ਜੀ "ਕੰਵਲ" ਆਪਣੀ ਕਿਤਾਬ 'ਕੀਰਤਨ ਨਿਰਮੋਲਕ ਹੀਰਾ ਅਤੇ ਸੰਗੀਤ ਕਲਾ' ਵਿੱਚ ਨਾਮਧਾਰੀ ਸੰਪਰਦਾ ਵਲੋਂ ਦਿੱਤੇ ਯੋਗਦਾਨ ਬਾਰੇ ਲਿਖਦੇ ਹਨ

"ਇਕੋ ਇੱਕ ਨਾਮਧਾਰੀ ਸੰਪਰਦਾ ਹੀ ਹੈ ਜਿੱਥੇ ਟਕਸਾਲੀ ਗੁਰਮਤਿ ਕੀਰਤਨ ਤੰਤੀ ਸਾਜਾਂ ਅਤੇ ਪ੍ਰੰਪਰਾਗਤ ਸ਼ੈਲੀ ਵਿੱਚ ਕੀਤਾ ਜਾਂਦਾ ਹੈ। ਹਰਮੋਨੀਅਮ ਜੋ ਪੱਛਮੀ ਸਾਜ ਹੈ ਦਾ ਬਿਲਕੁਲ ਪ੍ਰਯੋਗ ਨਹੀਂ ਕੀਤਾ ਜਾਂਦਾ। "

ਸਤਿਗੁਰੂ ਜਗਜੀਤ ਸਿੰਘ ਜੀ ਦੀ ਤਿਆਰ ਕੀਤੀ ਗਈ ਸੰਗੀਤ ਦੀ ਨਰਸਰੀ ਅੱਜ ਕੱਲ ਪੁਰ ਜੋਬਨ ਤੇ ਹੈ। ਬਹੁਤ ਸਾਰੇ ਨੌਜੁਆਨ ਸੰਗੀਤ ਵਿਸ਼ੇ ਵਿੱਚ ਰਿਸਰਚ ਵੀ ਕਰ ਚੁੱਕੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ 2013 ਈ. ਤੋਂ ਨਾਮਧਾਰੀ ਪੰਥ ਦੀ ਵਾਗਡੋਰ ਸਤਿਗੁਰੂ ਉਦੇ ਸਿੰਘ ਜੀ ਨੇ ਸੰਭਾਲੀ ਜੋ ਖੁਦ ਬਹੁਤ ਵਧੀਆ ਦਿਲਰੁਬਾ ਵਾਦਕ ਵੀ ਹਨ ਅਤੇ ਭਾਰਤੀ ਸ਼ਾਸਤਰੀ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਯਤਨਸ਼ੀਲ ਹਨ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਆਰੰਭੇ ਸੰਗੀਤਕ ਕਾਰਜਾਂ ਨੂੰ ਪੂਰੀ ਲਗਨ ਨਾਲ ਅੱਗੇ ਤੋਰਨ ਦਾ ਸਫਲ ਉਪਰਾਲਾ ਕਰ ਰਹੇ ਹਨ। ਇਸ ਪ੍ਰਕਾਰ ਨਾਮਧਾਰੀ ਸੰਪਰਦਾ ਵਲੋਂ ਦਿੱਤਾ ਗਿਆ ਸੰਗੀਤ ਪ੍ਰਤੀ ਯੋਗਦਾਨ ਵਿਸ਼ਵ ਪੱਧਰ ਤੇ ਆਪਣੀ ਪਹਿਚਾਣ ਬਣਾ ਚੁੱਕਾ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਉਸੇ ਪ੍ਰੰਪਰਾਗਤ ਗਾਇਨ ਸ਼ੈਲੀ ਵਿੱਚ ਸੰਭਾਲਣ ਅਤੇ ਉਹਦਾ ਪ੍ਰਚਾਰ ਤੇ ਪ੍ਰਸਾਰ ਕਰਨ ਵਿੱਚ ਨਾਮਧਾਰੀ ਸੰਪਰਦਾ ਦਾ ਯੋਗਦਾਨ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ ਅਤੇ ਆਉਣ ਵਾਲੀ ਪੀੜੀ ਲਈ ਇਹ ਯੋਗਦਾਨ ਇੱਕ ਚਾਨਣ ਮੁਨਾਰੇ ਦਾ ਕੰਮ ਕਰੇਗਾ।

..........................................................

# ਹਰਿ ਕੇ ਸੇਵਕ ਜੋ ਹਰਿ ਭਾਏ



**ਸੂਬਾ ਬਲਵਿੰਦਰ ਸਿੰਘ ਝੱਲ**
**98154-04225**

ਪਾਵਨ ਪਵਿੱਤਰ ਗੁਰਬਾਣੀ ਵਿੱਚ ਦਰਜ ਸ਼੍ਰੋਮਣੀ ਭਗਤ ਕਬੀਰ ਜੀ ਦੀ ਇਹ ਪੰਗਤੀ "ਹਰਿ ਕੇ ਸੇਵਕ ਜੋ ਹਰਿ ਭਾਏ" ਪੂਰਨ ਤੌਰ ਤੇ ਉਸ ਇਨਸਾਨ ਤੇ ਢੁਕਦੀ ਹੈ ਜਿਸ ਸ਼ਖ਼ਸੀਅਤ ਬਾਰੇ ਮੈਂ ਗੱਲ ਕਰਨ ਲੱਗਿਆ ਹਾਂ। ਸੰਨ 1929 ਵਿੱਚ ਪਾਕਿਸਤਾਨੀ ਪੰਜਾਬ ਦੇ ਜ਼ਿਲ੍ਹਾਂ ਸਿਆਲਕੋਟ ਦੇ ਪਿੰਡ ਛਾਂਗੀ ਵਿੱਚ ਸ. ਸਰਦਾਰ ਸਿੰਘ ਅਤੇ ਮਾਤਾ ਵੀਰ ਕੌਰ ਦੇ ਘਰ ਜਨਮੇ ਇਸ ਬਾਲਕ ਦਾ ਨਾਮ ਬਲਕਾਰ ਸਿੰਘ ਰੱਖਿਆ ਗਿਆ। ਬਚਪਨ ਅਜੇ ਚੰਗੀ ਤਰ੍ਹਾਂ ਬਤੀਤ ਵੀ ਨਹੀਂ ਸੀ ਹੋਇਆ ਕਿ ਇਹ ਸ਼ਖ਼ਸ ਆਪਣੇ ਛੋਟੇ ਇੱਕ ਭਰਾ ਅਤੇ ਇਕ ਭੈਣ ਸਮੇਤ ਮਾਂ ਦੇ ਪਿਆਰ ਤੋਂ ਵਾਂਝੇ ਹੋ ਗਏ। ਮਾਂ ਤੋਂ ਬਿਨਾਂ ਬੱਚਿਆਂ ਦੇ ਪਾਲਣ ਪੋਸ਼ਣ ਦੀ ਕਿਰਿਆ ਬਿਖਰ ਕੇ ਰਹਿ ਜਾਂਦੀ ਹੈ। ਏਸੇ ਹਲਾਤ ਦਾ ਸ਼ਿਕਾਰ ਹੋਇਆ ਇਹ ਬਲਕਾਰ ਸਿੰਘ। ਆਪਣੇ ਪਿਤਾ ਦੀ ਆਗਿਆ ਅਨੁਸਾਰ ਕਿਸੇ ਨਵੇਕਲੇ ਰਸਤੇ ਦਾ ਪਾਂਧੀ ਬਨਣ ਲਈ ਤਿਆਰ ਹੋ ਗਿਆ। ਚੰਗੇ ਅਤੇ ਉੱਤਮ ਭਾਗਾਂ ਨੇ ਸਾਥ ਦਿੱਤਾ ਇਸ ਬਾਲਕ ਦਾ ਅਤੇ ਇਹ ਉਸ ਸਮੇਂ ਦੀ ਮਹਾਨ ਅਤੇ ਉੱਚੀ ਸੁੱਚੀ ਸਖ਼ਸ਼ੀਅਤ ਬ੍ਰਹਮ ਗਿਆਨੀ ਮਹਾਤਮਾ ਸ੍ਰੀ ਮਾਨ ਸੰਤ ਜਗਤ ਸਿੰਘ ਜੀ ਖੰਡੂਵਾਲੀਆਂ ਦੇ ਵਿਦਿਆਲੇ ਦਾ ਵਿਦਿਆਰਥੀ ਬਣ ਗਿਆ।

ਬਚਪਨ ਤੋਂ ਹੀ ਤੀਖਣ ਬੁੱਧੀ ਨੇ ਸਾਥ ਦਿੱਤਾ ਤਾਂ ਇਹ ਵਿਦਿਆਰਥੀ ਸ੍ਰੀ ਮਾਨ ਸੰਤ ਜਗਤ ਸਿੰਘ ਜੀ ਦਾ ਬਹੁਤ ਹੀ ਪਿਆਰਾ ਵਿਦਿਆਰਥੀ ਬਣ ਗਿਆ। ਸੰਤਾਂ ਦੇ ਮਿਲੇ ਪਿਆਰ ਅਤੇ ਸਨੇਹ ਨੇ ਬਹੁਤ ਹੀ ਥੋੜੇ ਸਮੇਂ ਵਿੱਚ, ਤਕਰੀਬਨ 1 ਸਾਲ ਅਤੇ 3 ਮਹੀਨੇ ਦੇ ਸਮੇਂ ਅੰਦਰ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਸ਼ੁੱਧ ਸ਼ਬਦਾ ਨਾਲ ਉਚਾਰਨ ਕਰਨ ਵਾਲਾ ਪਾਠੀ ਤਾਂ ਬਣ ਹੀ ਗਿਆ ਸੀ ਅਤੇ ਨਾਲ ਸੇਵਾ ਦੀ ਭਾਵਨਾ ਨਾਲ ਇਸ ਨੇ ਆਪਣੇ ਵਿਦਿਆ ਗੁਰੂ ਦਾ ਮਨ ਵੀ ਜਿੱਤ ਲਿਆ। ਏਸੇ ਕਰਕੇ ਸੰਤ ਜਗਤ ਸਿੰਘ ਜੀ ਬੜੇ ਹੀ ਪਿਆਰ ਨਾਲ ਏਸ ਬਾਲਕ ਬਲਕਾਰ ਸਿੰਘ ਨੂੰ "ਬਲਕਾਰ ਸਿੰਘ ਜੀ" ਆਖ ਕੇ ਅਵਾਜ਼ ਮਾਰਨ ਲੱਗ ਪਏ ਸਨ। ਸੰਤਾਂ ਦੇ ਜਥੇ ਨਾਲ ਹੀ ਸ੍ਰੀ ਭੈਣੀ ਸਾਹਿਬ ਆਉਣਾ" ਅਤੇ ਸੰਗਤ ਨਾਲ ਸੇਵਾ ਵਿੱਚ ਲੱਗੇ ਰਹਿਣਾ। ਏਸੇ ਸੇਵਾਂ ਨੇ ਹੀ ਇਸ ਬਾਲਕ ਬਲਕਾਰ ਸਿੰਘ ਨੂੰ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨੇੜੇ ਹੋਣ ਦਾ ਮੌਕਾ ਬਖ਼ਸ਼ਿਆਂ। ਜਿਸ ਵਕਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਖੁਦ ਬਾਲਕ ਬਲਕਾਰ ਸਿੰਘ ਕੋਲੋ ਸ਼ੁੱਧ ਗੁਰਬਾਣੀ ਦਾ ਪਾਠ ਸੁਣਿਆਂ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਢੇਰ ਸਾਰੀਆਂ ਖੁਸ਼ੀਆਂ ਇਸ ਬਾਲਕ ਨੂੰ ਬਖਸ਼ੀਆਂ। ਬੇਸ਼ੱਕ ਘਰ ਪਿਤਾ ਦਾ ਖੇਤੀਬਾੜੀ ਦਾ ਕਾਰੋਬਾਰ ਸੀ ਪਰ ਬਚਪਨ ਬਤੀਤ ਹੋਣ ਤੋਂ ਬਾਅਦ ਜਦੋਂ ਜੁਆਨੀ ਵਿੱਚ ਪੈਰ ਧਰਿਆਂ ਤਾਂ ਇਹ ਸਮਾਂ ਵੀ ਸੰਤਾਂ ਦੀ ਸੰਗਤ ਗੁਰਬਾਣੀ ਦੀ ਸਿੱਖਿਆ ਅਤੇ ਸੇਵਾ ਵਿੱਚ ਬਤੀਤ ਹੋਣ ਕਾਰਨ ਮਨ ਗੁਰੂ ਪ੍ਰੇਮ ਵਿੱਚ ਬੱਝ ਚੁੱਕਾ ਸੀ।

ਜਦੋਂ ਵੀ ਸ੍ਰੀ ਭੈਣੀ ਸਾਹਿਬ ਜਪ ਪ੍ਰਯੋਗ ਦੇ ਸਮੇਂ ਆਉਣਾ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਿਕਟ ਵਰਤੀ ਭਾਈ ਵਜੀਰ ਸਿੰਘ ਦੀ ਸੰਗਤ ਕਰਨੀ ਅਤੇ ਨਾਲ ਸੇਵਾ ਵਿੱਚ ਹੱਥ ਵਟਾਉਣਾ ਸ਼ੁਰੂ ਕਰ ਦਿੱਤਾ। ਏਸੇ ਕਰਕੇ ਇਕ ਸਮੇਂ ਅੰਮ੍ਰਿਤਸਰ ਪੁਰਾਨੀ ਧਰਮਸ਼ਾਲਾ ਵਿਖੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਧਰਮਸ਼ਾਲਾ ਦੀ ਛੱਤ ਤੇ ਮੰਜ਼ਾ ਵਿਛਾ ਕੇ ਅਰਾਮ ਕਰ ਰਹੇ ਸਨ। ਥੋੜਾ ਹਨੇਰਾ ਹੋ ਚੁੱਕਾ ਸੀ। ਬਲਕਾਰ ਸਿੰਘ ਨੇ ਪੌੜੀ ਤੇ ਚੜ੍ਹ ਕੇ ਹੋਲੀ ਜਿਹੀ ਉਪਰ ਨੂੰ ਨਜ਼ਰ ਮਾਰੀ ਤਾਂ ਭਾਈ ਵਜੀਰ ਸਿੰਘ ਨੇ ਵੇਖ ਆਖਿਆ ਕਿ ਆ ਜਾ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਚਨ ਕੀਤਾ ਕੌਣ ਏ" ਤਾਂ ਭਾਈ ਵਜੀਰ ਸਿੰਘ ਜੀ ਨੇ ਆਖਿਆ ਕਿ ਬਲਕਾਰ ਹੈ ਜੀ। ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ

ਸਿੰਘ ਜੀ ਬਚਨ ਕੀਤਾ ਕਿ "ਆਪਣਾ ਬਲਕਾਰ" ਤਾਂ ਭਾਈ ਵਜੀਰ ਸਿੰਘ ਅਰਜ ਕੀਤੀ ਕਿ ਹਾਂ ਜੀ ਆਪਣਾ ਬਲਕਾਰ। ਜਿਸ ਸ਼ਖ਼ਸ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੀ ਰਸਨਾ ਤੋਂ ਆਪਣਾ ਬਲਕਾਰ ਆਖ ਸੰਬੋਧਨ ਕੀਤਾ ਹੋਵੇ ਤਾਂ ਉਸ ਨੂੰ ਆਪਣਾ ਬਨਣਾਂ ਹੀ ਪੈਣਾ ਸੀ। ਇਹ ਹੀ ਕਾਰਨ ਸੀ ਕਿ ਸੰਤ ਬਲਕਾਰ ਸਿੰਘ ਨੂੰ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਾਜਿਆ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਬੇਅੰਤ ਪਾਤਸ਼ਾਹ ਨੇ ਨਿਵਾਜ਼ਿਆ ਅਤੇ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸਤਕਾਰਿਆ।

1947 ਦੀ ਭਾਰਤ, ਪਾਕਿਸਤਾਨ ਵੰਡ ਤੋਂ ਬਾਅਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਇਹ ਛਾਂਗੀਵਾਲਾ ਪਰਿਵਾਰ ਤਹਿਸੀਲ ਐਲਨਾਬਾਦ ਦੇ ਮਿਰਜਾਪੁਰ ਪਿੰਡ ਆਣ ਕੇ ਵੱਸ ਗਏ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੰਤ ਬਲਕਾਰ ਸਿੰਘ ਦਾ ਅਨੰਦ ਕਾਰਜ ਗੁਰਮਰਿਯਾਦਾ ਅਨੁਸਾਰ ਸ. ਲਾਲ ਸਿੰਘ ਦੀ ਸਪੁੱਤਰੀ ਬੀਬੀ ਪ੍ਰੀਤਮ ਕੌਰ ਵਾਸੀ ਅਮਰਾਸਰ ਨਾਲ ਹੋਇਆ। ਏਸੇ ਸਮੇਂ ਸੰਤ ਬਲਕਾਰ ਸਿੰਘ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰਗੱਦੀ ਤੇ ਸੁਭਾਇਮਾਨ ਹੋਣ ਉਪਰੰਤ 1962 ਵਿੱਚ ਆਪਣੇ ਹਜ਼ੂਰੀ ਸੇਵਕ ਦੇ ਤੌਰ ਤੇ ਸੇਵਾ ਬਖ਼ਸ਼ੀ। ਬੱਸ ਫੇਰ ਕੀ ਸੀ ਸੰਤ ਬਲਕਾਰ ਸਿੰਘ ਨੇ "ਇਕੋ ਦਿਸੈ ਸਜਣੋ ਇਕੋ ਭਾਈ ਮੀਤ" ਗੁਰਬਾਣੀ ਦੀ ਇਸ ਪੰਗਤੀ ਨੂੰ ਆਪਣੇ ਜੀਵਨ ਦਾ ਅਧਾਰ ਬਣਾ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰ ਸੇਵਾ ਵਿੱਚ ਜੁੱਟ ਗਏ।

ਸ਼ੁਰੂਆਤ ਵਿੱਚ ਇਕੱਲੇ ਸੇਵਕ ਦੇ ਤੌਰ ਤੇ ਹੀ ਸੰਤ ਬਲਕਾਰ ਸਿੰਘ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਵਾ ਵਿੱਚ ਹਾਜ਼ਰ ਰਹੇ। ਸੇਵਾ ਸਮੇਂ ਦੇ ਦੌਰਾਨ ਅਨੇਕਾਂ ਹੀ ਸੰਤਾਂ ਦੇ ਜੀਵਨ ਦੀਆਂ ਖੱਟੀਆਂ-ਮਿੱਠੀਆਂ ਯਾਦਾਂ ਹਨ ਜੋ ਉਹਨਾਂ ਨੇ ਮੇਰੇ ਨਾਲ ਸਾਂਝੀਆਂ ਕੀਤੀਆਂ ਪਰ ਗੱਲ ਲੰਬੀ ਹੋ ਜਾਣ ਕਾਰਨ ਏਥੇ ਜਿਕਰ ਨਹੀਂ ਕੀਤਾ ਜਾ ਸਕਦਾ। ਸੰਤ ਬਲਕਾਰ ਸਿੰਘ ਜੀ ਦੇ ਗ੍ਰਹਿ ਕੋਈ ਸੰਤਾਨ ਪ੍ਰਾਪਤੀ ਨਾ ਹੋਣ ਕਾਰਨ ਲੰਬੇ ਸਮੇਂ ਬਾਅਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਨ੍ਹਾਂ ਦਾ ਦੂਸਰਾ ਅਨੰਦ ਕਾਰਜ ਹੁਸ਼ਿਆਰਪੁਰ ਨਿਵਾਸੀ ਸ. ਕਾਬਲ ਸਿੰਘ ਬੈਂਸ ਦੀ ਸਪੁੱਤਰੀ ਬੀਬੀ ਮਨਮੋਹਨ ਕੌਰ ਨਾਲ 1969 ਈ. ਕੀਤਾ। ਜਿਸ ਤੋਂ ਸੰਤਾਂ ਨੂੰ 2 ਧੀਆਂ, ਰਜਿੰਦਰ ਕੌਰ, ਰੁਪਿੰਦਰ ਕੌਰ ਅਤੇ 2 ਸਪੁੱਤਰ ਭੁਪਿੰਦਰ ਸਿੰਘ ਅਤੇ ਗੁਰਦਿਆਲ ਸਿੰਘ ਸੰਤਾਨ ਦੇ ਰੂਪ ਵਿੱਚ ਪ੍ਰਾਪਤ ਹੋਏ। ਸੰਤ ਬਲਕਾਰ ਸਿੰਘ ਜੀ ਦੇ ਦੋਨੋਂ ਸਪੁੱਤਰ ਅਤੇ ਛੋਟੀ ਧੀ ਕਨੇਡਾ ਦੇ ਸ਼ਹਿਰ ਬਰੈਂਮਟਨ ਵਿੱਚ ਅਤੇ ਵੱਡੀ ਧੀ ਆਪਣੇ ਪਰਿਵਾਰ ਸਮੇਤ ਜਰਮਨ ਵਿੱਚ ਸੁੱਖੀ ਵੱਸਦੇ ਹਨ।



ਸੰਤ ਬਲਕਾਰ ਸਿੰਘ ਜੀ ਨੇ ਜੋ ਵਿਦਿਆ ਆਪਣੇ ਵਿਦਿਆ ਗੁਰੂ ਤੋਂ ਪ੍ਰਾਪਤ ਕੀਤੀ ਉਸ ਨੂੰ ਖੁੱਲ ਦਿਲੀ ਨਾਲ ਨਾਮਧਾਰੀ ਪੰਥ ਵਿੱਚ ਵੰਡਿਆਂ। ਸੰਤ ਬਲਕਾਰ ਸਿੰਘ ਜੀ ਨੇ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ ਵਿਖੇ ਰਹਿ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਜੋ ਸੇਵਾ ਨਿਭਾਈ ਉਹ ਨਾਮਧਾਰੀ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿੱਚ ਲਿਖੀ ਗਈ ਹੈ। ਜੋ ਗੁਣ ਇਕ ਚੰਗੇ ਅਧਿਆਪਕ ਵਿੱਚ ਹੋਣੇ ਚਾਹੀਦੇ ਹਨ ਉਹ ਸੰਤ ਬਲਕਾਰ ਸਿੰਘ ਦੀ ਆਪਣੀ ਸਖ਼ਸ਼ੀਅਤ ਤੋਂ ਸਾਫ਼ ਝਲਕਦੇ ਸਨ। ਕੈਨੇਡਾ ਦੀ ਧਰਤੀ ਤੇ ਰਹਿ ਕੇ ਜੋ ਕਾਰਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਸੰਤ ਬਲਕਾਰ ਸਿੰਘ ਸੰਤ ਬਲਕਾਰ ਸਿੰਘ ਜੀ ਕਰਕੇ ਹੀ ਹੈ। ਸੈਂਕੜਿਆਂ ਦੀ ਗਿਣਤੀ ਵਿੱਚ ਉਨ੍ਹਾਂ ਦੇ ਸਿਖਾਏ ਹੋਏ ਬੱਚੇ ਉਹਨਾਂ ਨੂੰ ਨਮ ਅੱਖਾਂ ਨਾਲ ਯਾਦ ਕਰਦੇ ਹਨ। ਆਪਣੇ ਸਰੀਰ ਦੀ ਚੁਸਤੀ, ਫੁਰਤੀ ਅਤੇ ਅਵੇਸਲੇ ਪਣ ਤੋਂ ਰਹਿਤ ਰਹਿਣਾ ਉਨ੍ਹਾਂ ਨੇ ਆਪਣੇ ਅੰਤਲੇ ਸਵਾਸਾਂ ਤੱਕ ਕਾਈਮ ਰੱਖਿਆਂ। ਏਸੇ ਕਰਕੇ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਕ ਸਮੇਂ ਬਚਨ ਕੀਤਾ ਸੀ ਕਿ ਮੇਰਾ ਸੇਵਕ ਬਲਕਾਰ ਸਿੰਘ ਇਕੋ ਸਮੇਂ ਇਕੱਠੇ ਚਾਰ ਕੰਮ ਕਰ ਜਾਂਦਾ ਹੈ। ਕੋਲ ਬੈਠੇ ਸਿੰਘ ਨੇ




ਨੇ ਕੀਤਾ, ਉਸ ਦੀ ਮਿਸਾਲ ਕਿਤੇ ਨਹੀਂ ਮਿਲ ਸਕਦੀ। ਕੈਨੇਡਾ ਦੀ ਧਰਤੀ 'ਤੇ ਨੌਜਵਾਨ ਬੱਚਿਆਂ ਨੂੰ ਗੁਰਬਾਣੀ ਸ਼ੁੱਧ ਪੜ੍ਹਨ ਦੀ ਸਿਖਿਆ, ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿੱਚ ਲਾਉਣ ਦੀ ਜਾਚ ਢੋਲਕੀ ਅਭਿਆਸ, ਸ੍ਰੀ ਦਸਮ ਗ੍ਰੰਥ ਸਾਹਿਬ ਦਾ ਸ਼ੁੱਧ ਪਾਠ ਦੀ ਸਿੱਖਿਆ, ਜਿਥੇ ਬੱਚੇ ਪੰਜਾਬੀ ਗੁਰਬਾਣੀ ਪੜ੍ਹਨੀ ਲਿਖਣੀ ਨਹੀਂ ਜਾਣਦੇ ਸਨ, ਉਥੇ ਬੱਚਿਆਂ ਨੂੰ ਇਨ੍ਹਾਂ ਸਾਰੀਆਂ ਸਿੱਖਿਆਵਾਂ ਵਿੱਚ ਨਿਪੁੰਨ ਕੀਤਾ। ਇਨ੍ਹਾਂ ਕਾਰਨਾਂ ਕਰਕੇ ਹੀ ਇਕ ਉਨ੍ਹਾਂ ਦੇ ਨੌਜਵਾਨ ਸਿਖਿਆਰਥੀ ਕਾਕਾ ਹਾਕਮ ਸਿੰਘ ਨੇ ਭਰੇ ਇਕੱਠ ਦੇ ਸਾਹਮਣੇ ਇਹ ਗੱਲ ਆਖੀ ਕਿ ਜੇਕਰ ਮੇਰੇ ਸਿਰ ਤੇ ਅੱਜ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਖ਼ਸ਼ੀ ਹੋਈ ਦਸਤਾਰ ਹੈ ਤਾਂ ਇਹ

ਪੁੱਛਿਆ ਜੀ ਉਹ ਕਿਵੇਂ? ਸ੍ਰੀ ਸਤਿਗੁਰੂ ਜੀ ਬਚਨ ਕੀਤਾ ਆਸਾ ਦੀ ਵਾਰ ਸਮੇਂ ਮੇਰੇ ਨਾਲ ਸ਼ਬਦ ਪੜ੍ਹ ਲੈਂਦਾ ਹੈ। ਦੂਸਰਾ ਇਹ ਚੌਰ ਵੀ ਕਰਦਾ ਹੈ, ਤੀਸਰਾ ਮੱਥਾ ਟਿੱਕੀ ਮਾਇਆ ਵੀ ਨਾਲ-ਨਾਲ ਸਾਂਭ ਦਾ ਹੈ ਅਤੇ ਚੌਥਾ ਕੰਮ ਕਰਦਾ ਨਾਲ-ਨਾਲ ਵਿੱਚ ਸੌਂ ਵੀ ਲੈਂਦਾ ਹੈ।

1990-91 ਵਿੱਚ ਜਦੋਂ ਸੰਤ ਬਲਕਾਰ ਸਿੰਘ ਅਮਰੀਕਾ ਗਏ ਹੋਏ ਸਨ ਤਾਂ ਸੰਤ ਬਲਕਾਰ ਸਿੰਘ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਟੈਲੀਫੋਨ ਤੇ ਮੱਥਾ ਟੇਕਿਆਂ ਅਤੇ ਅਰਜ ਕੀਤੀ ਕਿ ਸੱਚੇ ਪਾਤਸ਼ਾਹ ਜੀ ਹੋਲੇ ਦਾ ਮੇਲਾ ਕੈਸਾ ਚੱਲ ਰਿਹਾ ਹੈ ਭੈਣੀ ਸਾਹਿਬਾ ਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਬਚਨ ਕੀਤਾ "ਬਲਕਾਰ ਮੇਲਾ ਬਹੁਤ

ਭਰਿਆ ਹੈ ਸੰਗਤ ਬਹੁਤ ਆਈ ਹੈ। ਪਰ ਤੇਰੇ ਬਿਨਾਂ ਅਧੂਰਾ ਲੱਗਦੈ", ਬੱਸ ਬਚਨ ਸੁਨਣ ਦੀ ਦੇਰ ਸੀ ਸੰਤ ਜੀ ਅਗਲੇ ਹੀ ਦਿਨ ਟਿਕਟ ਕਰਵਾ ਕੇ ਆਣ ਹੋਲੇ ਵਿੱਚ ਹਾਜ਼ਰੀ ਭਰੀ ਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਆਪਣੀ ਝੋਲੀ ਪਵਾਈਆਂ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਚਨਾਂ ਵਿੱਚ ਰੀਕਾਰਡ ਹੈ ਕਿ "ਸਾਡੇ ਬੱਚਿਆਂ ਨੇ ਸੰਤ ਬਲਕਾਰ ਸਿੰਘ ਦੇ ਰਾਹੀ ਜੋ ਸਿੱਖਿਆਂ ਹੁਣ ਰਜਾ ਐਸੀ ਵਰਤੀ ਹੈ। ਬਲਕਾਰ ਛੱਡ ਕੇ ਕੈਨੇਡਾ ਚਲਾ ਗਿਆ। ਉਮੀਦ ਹੈ ਉਹ ਵਾਪਸ ਆਏਗਾ। ਸ੍ਰੀ ਸਤਿਗੁਰੂ ਜੀ ਦਾ ਬਚਨ ਪੂਰਾ ਹੋਇਆ ਅਤੇ ਸੰਤ ਬਲਕਾਰ ਸਿੰਘ ਜੀ 2001 ਵਿੱਚ ਸ੍ਰੀ ਭੈਣੀ ਸਾਹਿਬ ਆਣ ਪਧਾਰੇ। ਸ੍ਰੀ ਭੈਣੀ ਸਾਹਿਬ ਮੇਰੀਆਂ ਅੱਖਾਂ ਸਾਹਮਣੇ ਜੋ ਘਟਨਾ ਵਾਪਰੀ ਕਿ ਸੰਤ ਬਲਕਾਰ ਸਿੰਘ ਕੈਨੇਡਾ ਤੋਂ ਵਾਪਸ ਆਣ ਕਿ ਇਕ ਵਿਅਕਤੀ ਨੂੰ ਘੁੱਟ ਕੇ ਜੱਫੀ ਪਾ ਕੇ ਮਿਲ ਰਹੇ ਸਨ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਆਪਣੀ ਕੋਠੀ ਘਾਹ ਦੇ ਮੈਦਾਨ ਵਿੱਚ ਮੰਜੇ ਤੇ ਬੈਠੇ ਸਭ ਕੁੱਝ ਵੇਖ ਰਹੇ ਸਨ। ਜਦੋਂ ਉਹ ਵਿਅਕਤੀ ਮਿਲ ਕੇ ਬਾਹਰ ਚਲਾ ਗਿਆ ਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਤ ਬਲਕਾਰ ਸਿੰਘ ਨੂੰ ਹੁਕਮ ਕੀਤਾ ਕਿ ਤੂੰ ਜਿਸ ਆਦਮੀ ਨੂੰ ਮਿਲ ਰਿਹਾ ਸੀ। ਉਹ ਮੇਰੇ ਨਾਲ ਅਜੇ ਵੀ ਠੀਕ ਨਹੀਂ ਤਾਂ ਝੱਟ ਸੰਤ ਬਲਕਾਰ ਸਿੰਘ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘਜੀ ਦੇ ਦੋਨੋਂ ਚਰਨ ਆਪਣੇ ਦੋਨੋਂ ਹੱਥਾਂ ਵਿੱਚ ਘੁੱਟ ਕੇ ਫੜ੍ਹ ਲਏ ਅਤੇ ਅਰਜ ਕੀਤੀ ਕਿ "ਸੱਚੇ ਪਾਤਸ਼ਾਹ ਅਕਸਰ ਆਪ ਜੀ ਦੇ ਨਾਲ ਰਹੇ ਤਾਂ ਸੇਵਾ ਜਿੰਨੀ ਚਾਹੀਦੀ ਸੀ ਉਹਨੀ ਨਹੀਂ ਕਰ ਸਕੇ, ਪਰ ਗਲਤੀਆਂ ਤੇ ਕੀਤੀਆਂ ਨੇ ਏਸ ਕਰਕੇ ਉਹ ਮਾਫ਼ ਕਰ ਦਿਉ" ਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬੜੇ ਪਿਆਰ ਨਾਲ ਬਚਨ ਕੀਤਾ ਕਿ "ਤੇਰੀਆਂ ਸਾਰੀਆਂ ਮਾਫ਼ ਨੇ" ਤਾਂ ਅੱਗੋਂ ਸੰਤ ਬਲਕਾਰ ਸਿੰਘ ਨੇ ਅਰਜ਼ ਕੀਤੀ "ਜੀ ਅਜੇ ਜਿੰਦਗੀ ਦੇ ਹੋਰ ਸਵਾਸ ਬਾਕੀ ਨੇ ਗ਼ਲਤੀਆਂ ਤੇ ਫੇਰ ਹੋਰ ਵੀ ਹੋ ਸਕਦੀਆਂ ਨੇ" ਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਚਨ ਕੀਤਾ ਕਿ "ਤੇਰੀਆਂ ਉਹ ਵੀ ਮਾਫ ਨੇ।"

ਦੁਨੀਆਵੀ ਅਤੇ ਪਰਿਵਾਰ ਤੌਰ ਤੇ ਅਨੇਕਾਂ ਉਤਰਾਅ-ਚੜਾਹ ਹਰ ਮਨੁੱਖ ਦੀ ਜਿੰਦਗੀ ਵਿੱਚ ਆਉਂਦੇ ਰਹਿੰਦੇ ਹਨ ਜੋ ਸੰਤ ਬਲਕਾਰ ਸਿੰਘ ਜੀ ਦੇ ਜੀਵਨ ਵਿੱਚ ਵੀ ਆਏ ਪ੍ਰੰਤੂ ਆਪਣੇ ਮਹਿਬੂਬ ਸਤਿਗੁਰੂ ਪ੍ਰਤੀ ਸਮਰਪਣ ਦੀ ਭਾਵਨਾ ਵਿੱਚ ਕੋਈ ਫਰਕ ਅੰਤਲੇ ਸਵਾਸਾ ਤੱਕ ਨਾ ਆਇਆ। ਜਿਸ ਤਰ੍ਹਾਂ ਦੀ ਭਾਵਨਾ ਅਟੱਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਪ੍ਰਤੀ ਬਚਪਨ ਦੇ ਸਮੇਂ ਤੋਂ ਲੈ ਕੇ ਬਣੀ ਉਹ ਹੀ ਭਾਵਨਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਤੀ ਹੋਰ ਪ੍ਰਬਲ ਬਣ ਕੇ ਉਭਰੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ ਉਸੇ ਹੀ ਭਾਵਨਾ ਅਤੇ ਸ਼ਰਧਾ ਸਤਿਕਾਰ ਨਾਲ ਆਪਣਾ ਸਿਰ ਸੰਤ ਬਲਕਾਰ ਸਿੰਘ ਜੀ ਨੇ ਵਰਤਮਾਨ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਵਿੱਚ ਝੁਕਾ ਦਿੱਤਾ। ਇਸੇ ਕਰਕੇ ਇਕ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੀ ਰਸਨਾ ਤੋਂ ਬਚਨ ਕੀਤਾ ਕਿ "ਬਲਕਾਰ ਨੇ ਚੰਗੇ ਤੇ ਮਾੜੇ ਸਮੇਂ ਬੜੇ ਵੇਖੇ ਨੇ ਪਰ ਆਪਣੀ ਜਗ੍ਹਾਂ ਤੋਂ ਜ਼ਰਾ ਜਿੰਨਾ ਵੀ ਨਹੀਂ ਹਿੱਲਿਆ" ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਇਹ ਬਚਨ ਸੰਤ ਬਲਕਾਰ ਸਿੰਘ ਨੇ ਅੰਤਲੇ ਸਵਾਸਾਂ ਤੱਕ ਨਿਭਿਆ।

ਵਰਤਮਾਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸੰਤ ਬਲਕਾਰ ਸਿੰਘ ਜੀ ਦੀ ਸੇਵਾ ਸੰਭਾਲ ਅਤੇ ਹਰ ਤਰ੍ਹਾਂ ਪੂਰਨ ਧਿਆਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਾਂਗ ਹੀ ਰੱਖਿਆ। ਇਹ ਪ੍ਰਾਪਤੀ ਵੀ ਵੱਡੇ ਭਾਗਾਂ ਕਰਕੇ ਪ੍ਰਾਪਤ ਹੁੰਦੀ ਹੈ। ਜਿਸ ਤਰ੍ਹਾਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸੰਤ ਬਲਕਾਰ ਸਿੰਘ ਜੀ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਾਂਗ ਹੀ ਪਿਆਰ ਅਤੇ ਪੂਰਨ ਸਤਿਕਾਰ ਦਿੱਤਾ ਜਿਸ ਤੋਂ ਸੰਤ ਬਲਕਾਰ ਸਿੰਘ ਜੀ ਪੂਰਨ ਤੌਰ ਤੇ ਸੰਤੁਸ਼ਟ ਸਨ ਅਤੇ ਹਰ ਵਖ਼ਤ ਸ੍ਰੀ ਸਤਿਗੁਰੂ ਜੀ ਦਾ ਸ਼ੁਕਰਾਨਾ ਕਰਦੇ ਰਹਿੰਦੇ ਸਨ। ਇਥੇ ਉਨ੍ਹਾਂ ਦੇ ਨਾਵਾਂ ਦਾ ਜਿਕਰ ਕਰਨਾ ਜਰੂਰੀ ਸਮਝਦਾ ਹਾਂ ਜਿਨ੍ਹਾਂ ਨੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਸੰਤ ਬਲਕਾਰ ਸਿੰਘ ਜੀ ਦੀ ਤਨੋ ਮਨੋ ਹੋ ਕੇ ਸੇਵਾ ਕੀਤੀ। ਪਹਿਲਾਂ ਬੀਬੀ ਰਾਜਵੀਰ ਕੌਰ ਪਤਨੀ ਸੂਬਾ ਬਲਵਿੰਦਰ ਸਿੰਘ ਝੱਲ ਅਤੇ ਦੂਸਰੀ ਬੀਬੀ ਬਲਵੀਰ ਕੌਰ ਪਤਨੀ ਸ. ਮਾਨ ਸਿੰਘ ਸਮਸੇਵਾਲੇ ਜੋ ਦੁਨਿਆਵੀ ਰਿਸਤੇ ਵਿੱਚ ਸੰਤ ਬਲਕਾਰ ਸਿੰਘ ਜੀ ਦੀਆਂ ਭਤੀਜੀਆਂ ਲੱਗਦੀਆਂ ਹਨ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪਣੇ ਵਿਦੇਸ਼ ਦੌਰੇ ਤੇ ਜਾਣ ਤੋਂ ਪਹਿਲਾਂ ਸੰਤ ਬਲਕਾਰ ਸਿੰਘ ਜੀ ਨੂੰ ਕਮਰੇ ਵਿੱਚ ਦਰਸ਼ਨ ਦੇਣ ਆਏ ਤਾਂ ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ ਸੰਤ ਜੀ ਹੋਰ ਸੇਵਾਂ ਦੱਸੋ ਹੁਕਮ ਕਰੋ ਕੋਈ? ਫਿਰ ਸੰਤ ਬਲਕਾਰ ਸਿੰਘ ਜੀ ਨੇ ਅਰਜ਼ ਕੀਤੀ "ਹੁਣ ਛੁੱਟੀ ਦੇ ਦਿਉ ਬਸ।" ਸੰਤਾਂ ਦੀ ਉਹ ਅਰਜ਼ ਪਰਵਾਣ ਹੋਈ ਅਤੇ ਸੰਤ ਬਲਕਾਰ ਸਿੰਘ ਜੀ 30 ਜੁਲਾਈ 2024 ਦਿਨ ਮੰਗਲਵਾਰ ਦੁਪਹਿਰ 2 ਵਜੇ ਦੇ ਕਰੀਬ ਸਵਾਸਾਂ ਰੂਪੀ ਪੂੰਜੀ ਸਮਾਪਤ ਕਰਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਅਤੇ ਇਸ ਗੁਰਬਾਣੀ ਦੀ ਪੰਗਤੀ ਨੂੰ ਪੂਰਾ ਕਰ ਗਏ।

"ਸੇਵਕ ਕੀ ਓੜਕਿ ਨਿਭਹੀ ਪ੍ਰੀਤ"

.............................................



# ਪ੍ਰੇਮ ਦਾ ਪਾਤਰ : ਪਦਮ ਸ੍ਰੀ ਸੁਰਜੀਤ ਪਾਤਰ ਅਤੇ ਨਾਮਧਾਰੀ-ਸਿੱਖ ਸਮਾਜ

**ਹਰਪਾਲ ਸਿੰਘ ਸੇਵਕ**
**9414601321**

ਇੱਕ ਸਾਹਿਤ ਸਭਾ ਸਮੇਂ ਬੋਲਦਿਆਂ ਪ੍ਰਸਿੱਧ ਕਹਾਣੀਕਾਰ ਸ੍ਰ. ਵਰਿਆਮ ਸਿੰਘ ਸੰਧੂ ਜੀ ਨੇ ਕਿਹਾ ਸੀ ਕਿ ਇੱਕੋ ਇੱਕ ਨਾਮਧਾਰੀ ਸਮਾਜ ਹੈ, ਜਿਸ ਵਿੱਚ 'ਗੁਰੂ ਅਤੇ ਸੰਗਤ ਦਾ ਸੰਬੰਧ, ਇੱਕ ਪਰਵਾਰ ਵਾਂਗ ਹੈ।' -ਪਰ ਇਹ ਕੇਵਲ ਨਾਮਧਾਰੀ ਸਿੱਖਾਂ ਦਾ ਹੀ ਆਪਣੇ ਗੁਰੂ ਨਾਲ ਇੱਕ ਪਰਵਾਰ ਵਾਲਾ ਨਾਤਾ ਨਹੀਂ ਸਗੋਂ ਜੋ ਵੀ ਗੁਣੀ-ਜਨ ਸਤਿਗੁਰੂ ਜੀ ਦੇ ਸੰਪਰਕ ਵਿੱਚ ਆ ਗਿਆ, ਜੋ ਸੱਜਣ ਸਾਡੇ ਸਤਿਗੁਰੂ ਨੂੰ ਚੰਗਾ ਲੱਗਦਾ ਹੈ, ਉਹ ਸਮੁੱਚੇ ਨਾਮਧਾਰੀ ਸਮਾਜ ਲਈ ਆਪਣੇ ਪਰਵਾਰਕ ਮੈਂਬਰ ਵਰਗਾ 'ਸਤਿਕਾਰਤ' ਅੰਗ ਬਣ ਜਾਂਦਾ ਹੈ। ਇਸ ਤਰ੍ਹਾਂ ਪ੍ਰੋ. ਕਿਰਪਾਲ ਸਿੰਘ ਕਸੇਲ, ਸੰਤੋਖ ਸਿੰਘ ਧੀਰ, ਕਰਤਾਰ ਸਿੰਘ ਕਾਲੜਾ, ਕਵੀ ਚੰਨਣ ਸਿੰਘ ਚਮਨ, ਸੰਗੀਤ ਉਸਤਾਦ ਵਿਲਾਇਤ ਹੁਸੈਨ ਖਾਂ, ਉਸਤਾਦ ਅਮਜਦ ਅਲੀ, ਪੰਡਿਤ ਸ਼ਿਵ ਕੁਮਾਰ ਅਤੇ ਪੰਡਿਤ ਰਾਜਨ ਸਾਜਨ ਮਿਸ਼ਰਾ ਆਦਿ ਅਨੇਕਾਂ ਗੁਣੀ-ਜਨਾਂ ਵਾਂਗ ਡਾ. ਸੁਰਜੀਤ ਪਾਤਰ ਵੀ ਨਾਮਧਾਰੀ ਸਮਾਜ ਦੇ ਸਤਿਕਾਰਯੋਗ ਅੰਗ ਬਣ ਗਏ।

ਬਸ ਫੇਰ ਤੇ ਇਹ ਸਿਲਸਿਲਾ ਇਸ ਤਰ੍ਹਾਂ ਨਿਰੰਤਰ ਜਾਰੀ ਹੋ ਗਿਆ ਕਿ ਪਾਤਰ ਸਾਹਿਬ ਅਕਸਰ ਹੀ ਨਾਮਧਾਰੀ ਮੇਲਿਆਂ, ਹੋਲਿਆਂ ਅਤੇ ਸੰਗੀਤ ਸੰਮੇਲਨਾਂ ਸਮੇਂ ਹਾਜ਼ਰੀ ਲਵਾਉਂਦੇ। ਹਰ ਵਾਰ ਨਵੀਂ ਨਜ਼ਮ ਲਿਖ ਕੇ ਸਤਿਗੁਰੂ ਜੀ ਦੇ ਦਰਬਾਰ ਵਿੱਚ ਪੇਸ਼ ਕਰਦੇ, ਗੁਰੂ ਕੀਆਂ ਖੁਸ਼ੀਆਂ ਨਾਲ ਸਰਸ਼ਾਰ ਹੁੰਦੇ। -ਅਸੀਂ ਨਾਮਧਾਰੀ ਆਪਣੇ ਸਤਿਗੁਰੂ ਨੂੰ ਗਰੀਬ ਨਿਵਾਜ਼, ਪਤਿਤ ਪਾਵਨ, ਦੀਨਾਬੰਧੂ, ਬਾਲ-ਸਖਾ, ਬਿਰਦ-ਪਾਲਕ ਆਦਿ ਸ਼ਬਦਾਂ ਨਾਲ ਸਤਿਕਾਰਦੇ ਹਾਂ, ਧਿਆਉਂਦੇ ਹਾਂ। ਪਰ ਸੰਗੀਤ ਸਰੂਪ ਸਤਿਗੁਰੂ 'ਸਤਿਗੁਰੂ ਜਗਜੀਤ ਸਿੰਘ ਜੀ' ਨੂੰ ਪਹਿਲੀ ਵੇਰ ਪਾਤਰ ਜੀ ਨੇ ਇੱਕ ਨਜ਼ਮ ਰਾਹੀਂ 'ਸਾਜ਼-ਨਿਵਾਜ਼' ਸ਼ਬਦ ਨਾਲ ਸੰਬੋਧਨ ਕੀਤਾ। 1998 ਈ. ਦੇ ਹੋਲੇ ਮਹੱਲੇ ਸਮੇਂ ਗੁਰੂ ਹਰੀ ਸਿੰਘ ਕਾਲਜ (ਜੀਵਨ ਨਗਰ-ਹਰਿਆਣਾ) ਵਿਖੇ ਆਪ ਨੇ ਦੀਵਾਨ ਸਮੇਂ ਜੋ ਨਜ਼ਮ ਪੇਸ਼ ਕੀਤੀ, ਉਸ ਦਾ ਮੁਖੜਾ ਸੀ-

'ਇਹ ਨੇ ਸਾਜ਼ ਤੇ ਸਾਜ਼-ਨਿਵਾਜ਼ ਤੂੰ,
ਤੇ ਫਿਜ਼ਾ ਨੂੰ ਧੁਨ ਦੀ ਉਡੀਕ ਹੈ।
ਤੇਰੇ ਪੋਟਿਆਂ ਤੇ ਸੁਰਾਂ 'ਚ
ਕੇਹੇ ਫਾਸਲੇ ਕੇਹੀ ਲੀਕ ਹੈ।'

ਸੰਨ 2020 ਈ. ਵਿਚ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਨਾਮਧਾਰੀ ਸੰਗਤਾਂ ਵਲੋਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਹਿਲੀ ਪ੍ਰਕਾਸ਼ ਸ਼ਤਾਬਦੀ ਮਨਾਈ ਗਈ। ਹਫਤੇ ਭਰ ਵਿੱਚ ਸੰਤ-ਸਮਾਗਮ, ਸੰਗੀਤ ਸੰਮੇਲਨ, ਕੀਰਤਨ ਦਰਬਾਰ ਅਤੇ ਕਵੀ ਦਰਬਾਰ ਆਦਿ ਵਿਸ਼ੇਸ਼ ਪ੍ਰੋਗਰਾਮ ਹੋਏ। ਪੰਜਾਬੀ ਸਾਹਿਤ ਜਗਤ ਦੇ ਪ੍ਰਸਿੱਧ ਕਵੀਆਂ ਵਿੱਚ ਕਵੀ ਦਰਬਾਰ ਦੀ ਸੰਪੂਰਨਤਾ ਪਾਤਰ ਜੀ ਦੀ ਰਚਨਾ ਨਾਲ ਹੋਈ। ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਪਾਤਰ ਜੀ ਦੀ ਇਹ ਇੱਕ ਕਲਾਸਿਕ ਰਚਨਾ ਹੈ, ਜਿਸ ਵਿੱਚ ਆਪ ਨੇ ਸਾਜ਼-ਨਿਵਾਜ਼ ਵਰਗੇ ਗੁਰੂ ਉਸਤਤ ਦੇ ਹੋਰ ਢੇਰ ਸਾਰੇ ਸ਼ਬਦਾਂ ਨਾਲ ਗੁਰੂ ਪ੍ਰੇਮੀਆਂ ਦੀਆਂ ਝੋਲੀਆਂ ਭਰ ਦਿੱਤੀਆਂ। ਇਸ ਲੰਮੇਰੀ ਰਚਨਾ ਵਿੱਚੋਂ ਦੋ ਕੁ ਬੰਦ ਪਾਠਕਾਂ ਦੀ ਨਜ਼ਰ ਹਨ-

'ਹੇ ਸਾਜ਼-ਨਵਾਜ਼, ਹੇ ਦਿਲ-ਨਵਾਜ਼,
ਹੇ ਮਹਿਰਮ-ਰਾਜ਼, ਹੇ ਸੁਰਤ-ਸਾਜ਼,
ਹੇ ਦਿਲਰੁਬਾ, ਹੇ ਰੂਹ ਦੇ ਰਾਗ।
ਹੇ ਸਰਪ੍ਰਸਤ, ਹੇ ਸੁਰ-ਪ੍ਰਸਤ,
ਬਣ ਸਾਜ਼ ਸਜੇ ਤੇਰੇ ਦਰ ਦਰਖ਼ਤ,
ਸੁਰ ਛੇੜਨ ਪੌਣਾਂ, ਉਦੈ ਅਸਤ,
ਇਹ ਕੌਣ ਸਮਾਂ, ਇਹ ਕੌਣ ਵਕਤ,
ਹਰ ਪਹਿਰ ਹੈ ਏਥੇ ਰਾਗ-ਰਾਜ਼,
ਹੇ ਸਾਜ਼ ਨਵਾਜ਼......।

ਮੁਕਤੀ ਵੀ ਤੁਹੀਂ, ਬੰਦਿਸ਼ ਵੀ ਤੁਹੀਂ,
ਸਾਡਾ ਸਮ ਵੀ ਤੁਹੀਂ, ਲਰਜ਼ਿਸ਼ ਵੀ ਤੁਹੀਂ,
ਹਰਕਤ ਬਰਕਤ ਜੰਬਸ਼ ਵੀ ਤੁਹੀਂ,
ਸੰਭਲਨ ਵੀ ਤੁਹੀਂ, ਲਗਜ਼ਿਸ਼ ਵੀ ਤੁਹੀਂ,
ਸੁਰ ਕਰਤਾ ਤਨ ਮਨ ਰੂਹ ਦੇ ਸਾਜ਼,
ਹੇ ਸਾਜ਼ ਨਿਵਾਜ਼.......।'

ਸ੍ਰੀ ਸਤਿਗੁਰੂ ਜਗਜੀਤ ਸਿੰਘ ਨੇ ਸ਼ਾਸਤਰੀ ਸੰਗੀਤ ਜਗਤ ਦੇ ਕਰੀਬ ਸਾਰੇ ਹੀ ਉੱਚ ਕੋਟੀ ਦੇ ਉਸਤਾਦਾਂ ਪਾਸ ਆਪਣੇ ਨਾਮਧਾਰੀ ਨੌਜੁਆਨ ਸ਼ਾਗਿਰਦ ਬੈਠਾਏ। ਆਪ ਜੀ ਬਚਨ ਕਰਿਆ ਕਰਦੇ ਸਨ ਕਿ ਸਾਡੇ ਕੀਰਤਨ ਵਿੱਚ ਉੱਚ ਕੋਟੀ ਦੇ ਗਾਇਕ ਅਤੇ ਵਾਦਕ ਹੋਣ ਤਾਕਿ ਸ਼ਾਸਤਰੀ ਸੰਗੀਤ ਪ੍ਰੇਮੀ ਵੀ ਆ ਕੇ ਗੁਰਬਾਣੀ-ਕੀਰਤਨ ਸ੍ਰਵਣ ਕਰਿਆ ਕਰਨ। ਕਰੀਬ ਡੇਢ ਦਹਾਕੇ ਦੀ ਮਿਹਨਤ ਤੋਂ ਬਾਅਦ ਸੰਗੀਤ ਜਗਤ ਵਿੱਚ ਨਾਮਧਾਰੀ ਨੌਜੁਆਨਾਂ ਦੀ ਮਾਣਯੋਗ ਪਹਿਚਾਨ ਬਣ ਗਈ। ਜਿਹਨਾਂ ਦੇ ਕਿਤੇ ਖਾਨਦਾਨਾਂ ਵਿੱਚ ਵੀ ਸੰਗੀਤ ਨਹੀਂ ਸੀ, ਉਨ੍ਹਾਂ ਸਾਧਾਰਨ ਸਿੱਖਾਂ ਦੇ ਬੱਚੇ, ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਵਧੀਆ ਗਾਇਕ, ਵਾਦਕ ਅਤੇ ਸੰਗੀਤਕ ਨਰਸਰੀ ਤਿਆਰ ਕਰਨ ਵਾਲੇ ਉਸਤਾਦ ਬਣ ਗਏ। ਇਹ ਕਾਰਜ ਕੋਈ ਕਰਾਮਾਤ ਤੋਂ ਘੱਟ ਨਹੀਂ ਕਿਹਾ ਜਾ ਸਕਦਾ ਕਿ ਖੇਡਾਂ ਦੇ ਮੈਦਾਨ ਵਿੱਚ ਅਤੇ ਸ਼ਾਸਤਰੀ ਸੰਗੀਤ ਦੀਆਂ ਸਟੇਜਾਂ ਤੇ ਖਾਲਸੇ ਦੇ ਸਰੂਪ ਨੂੰ, ਕਛਹਿਰੇ ਅਤੇ ਗੁਰਮੁਖੀ ਦਸਤਾਰ ਨੂੰ ਮਾਨਯੋਗ ਪਹਿਚਾਨ ਦਵਾਉਣ ਦਾ ਸ਼੍ਰੇਅ ਕੇਵਲ ਤੇ ਕੇਵਲ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਹੀ ਜਾਂਦਾ ਹੈ। ਉਨੀਂਵੀ ਸਦੀ ਦੇ ਸੱਤਵੇਂ ਦਹਾਕੇ ਤੋਂ ਆਪ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਸਿਮਰਤੀ ਸੰਗੀਤ ਸੰਮੇਲਨ ਕਰਵਾਉਣੇ ਸ਼ੁਰੂ ਕੀਤੇ। ਆਮ ਤੌਰ ਤੇ ਸੰਗੀਤ ਜਗਤ ਦੇ ਵੱਡੇ ਕਲਾਕਾਰਾਂ ਨੂੰ ਲੋਕ ਪੈਸੇ ਖਰਚ ਕੇ, ਟਿਕਟਾਂ ਖਰੀਦ ਕੇ ਸੁਣਨ ਜਾਂਦੇ ਹਨ ਪਰ ਸ੍ਰੀ ਸਤਿਗੁਰੂ ਜੀ ਵਲੋਂ ਹੁੰਦੇ ਸੰਗੀਤ ਦਰਬਾਰ-ਮੁਫਤ ਸੰਗੀਤ ਲੰਗਰ ਹੋਇਆ ਕਰਦੇ ਸਨ। ਇਹ ਸਾਰੇ ਵੱਡੇ ਕਾਰਜ ਹੁੰਦੇ ਵੇਖ ਕੇ ਹੀ ਸੰਨ 1999 ਈ. ਵਿੱਚ ਗਵਾਲੀਅਰ ਵਿਖੇ ਸਰੋਦ ਸਮਰਾਟ ਉਸਤਾਦ ਅਮਜ਼ਦ ਅਲੀ ਜੀ ਨੇ ਆਖਿਆ ਸੀ, 'ਹਮਾਰੇ ਪਿਤਾ ਜੀ ਕਹਾ ਕਰਤੇ ਥੇ, ਸੰਗੀਤ ਕੀ ਸੇਵਾ ਕੋਈ ਬਾਦਸ਼ਾਹ ਕਰ ਸਕਤਾ ਹੈ ਯਾ ਕੋਈ ਫਕੀਰ। ਸਤਿਗੁਰੂ ਜਗਜੀਤ ਸਿੰਘ ਜੀ ਬਾਦਸ਼ਹ ਭੀ ਹੈਂ ਔਰ ਫਕੀਰ ਭੀ। ਆਪ ਏਕ ਐਸੀ ਰੌਸ਼ਨੀ ਹੈਂ ਜੋ ਪੂਰੇ ਹਿੰਦੁਸਤਾਨ ਕੋ ਰਾਸਤਾ ਦਿਖਾ ਰਹੇ ਹੈਂ ਕਿ ਸ਼ਾਸਤ੍ਰੀਯ ਸੰਗੀਤ ਕਿਆ ਹੈ, ਇਸਕੀ ਕੈਸੀ ਉਪਾਸਨਾ ਕਰਨੀ ਚਾਹੀਏ।'

ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਪ੍ਰਤੀ ਯੋਗਦਾਨ ਬਾਰੇ ਅਤੇ ਨਾਮਧਾਰੀ ਸਿੱਖਾਂ ਨੂੰ ਸੰਗੀਤਕ ਦਾਤ ਬਖਸ਼ਣ ਬਾਰੇ ਸੁਰਜੀਤ ਪਾਤਰ ਜੀ ਦਾ ਕਥਨ ਹੈ-

'ਉਹ ਪਾਵਨ ਨਾਦ-ਨਦੀ ਜੋ ਗੁਰੂ ਨਾਨਕ ਪਾਤਸ਼ਾਹ ਦੇ ਬੋਲਾਂ ਤੋਂ ਅਤੇ ਰਬਾਬ ਦੇ ਮਧੁਰ ਅਲਾਪ ਨਾਲ ਪ੍ਰਵਾਹਮਾਨ ਹੋਈ, ਉਸਦੇ ਸੂਖਮ ਸਰੂਪ ਦੇ ਕਿਨਾਰਿਆਂ ਤੇ ਹੀ ਵਸੀ ਹੋਈ ਹੈ ਭੈਣੀ ਸਾਹਿਬ ਦੀ ਨਗਰੀ, ਜਿੱਥੇ ਰਾਗ-ਮਈ ਸ਼ਬਦਾਂ ਦਾ ਗਾਇਨ ਹੁੰਦਾ ਹੈ। ਰਾਗ-ਮਈ ਸ਼ਬਦ ਦੀ ਦਾਤ ਨੂੰ ਸਾਂਭਣ ਵਾਲੇ ਲੋਕ ਮਾਨਵਤਾ ਤੇ ਬਹੁਤ ਵੱਡਾ ਉਪਕਾਰ ਕਰਦੇ ਹਨ। ਇਨ੍ਹਾਂ ਲੋਕਾਂ ਨੂੰ ਧਰਤੀ ਅਸੀਸ ਦੇਂਦੀ ਹੈ, ਬਿਰਖ-ਬੂਟੇ ਅਤੇ ਪੌਣਾਂ ਅਸੀਸਾਂ ਦੇਂਦੀਆਂ ਹਨ। -ਗੁਰਬਾਣੀ ਕੀਰਤਨ ਦੇ ਅੰਮ੍ਰਿਤਮਈ ਬੋਲ ਇਸ ਜ਼ਹਿਰ-ਕਹਿਰ ਵਾਲੇ ਜਗਤ-ਜਲੰਦੇ ਦੇ ਸੀਨੇ ਠੰਡ ਪਾਉਂਦੇ ਹਨ। ਗੁਰਮਤਿ ਸੰਗੀਤ ਨੂੰ ਸਾਂਭਣ ਵਿੱਚ ਨਾਮਧਾਰੀ ਦਰਬਾਰ ਦਾ ਬਹੁਤ ਵੱਡਾ ਯੋਗਦਾਨ ਹੈ। ਆਪ ਨੇ ਨਾਮਧਾਰੀ ਨੌਜੁਆਨਾਂ ਨੂੰ ਸੰਗੀਤ ਗਾਉਣਾ ਵਜਾਉਣਾ ਵੀ ਸਿਖਾਇਆ ਅਤੇ ਨਾਮਧਾਰੀ ਸੰਗਤਾਂ ਨੂੰ ਸੰਗੀਤ ਸੁਣਨਾ, ਸੰਗੀਤ ਮਾਨਣਾ ਵੀ ਸਿਖਾਇਆ ਹੈ।'

ਪਾਤਰ ਜੀ ਦਾ ਇਹ ਵੀ ਕਥਨ ਬੜਾ ਪਿਆਰਾ ਤੇ ਅਰਥ ਭਰਪੂਰ ਹੈ ਕਿ 'ਸੰਗੀਤ, ਸਤਿਗੁਰੂ ਜਗਜੀਤ ਸਿੰਘ, ਸ੍ਰੀ ਭੈਣੀ ਸਾਹਿਬ ਅਤੇ ਨਾਮਧਾਰੀ-ਇਹ ਚਾਰੇ ਸ਼ਬਦ ਸਮਾਨ ਅਰਥਕ ਹੋ ਚੁੱਕੇ ਹਨ।' ਆਪ ਦਾ ਉਪਰੋਕਤ ਕਥਨ ਆਪ ਦੀਆਂ ਨਜ਼ਮਾਂ ਵਿੱਚ ਵੀ ਅੰਕਿਤ ਹੈ।

ਇੱਕ ਵਾਰ ਜਦੋਂ ਪਾਤਰ ਜੀ ਦੇ ਦਿਲ ਦਾ ਉਪਰੇਸ਼ਨ ਹੋਇਆ, ਸਤਿਗੁਰੂ ਜਗਜੀਤ ਸਿੰਘ ਜੀ ਵਿਦੇਸ਼ ਦੌਰੇ ਤੇ ਸਨ, ਉਚੇਚਾ ਹੁਕਮ ਕੀਤਾ : 'ਸੰਤ ਤਰਸੇਮ ਸਿੰਘ ਜੀ, ਅਜੀਤ ਸਿੰਘ ਲਾਇਲ ਅਤੇ ਮੈਂ (ਹਰਪਾਲ ਸਿੰਘ ਸੇਵਕ) ਹਸਪਤਾਲ ਵਿਖੇ ਸ੍ਰੀ ਸਤਿਗੁਰੂ ਜੀ ਵਲੋਂ ਆਪ ਦੀ ਸੁਖ-ਸਾਂਦ ਪੁੱਛਣ ਗਏ। ਵਿਦੇਸ਼ ਦੌਰੇ ਤੋਂ ਆਉਂਦੇ ਹੀ ਸਤਿਗੁਰੂ ਜੀ, ਪਾਤਰ ਜੀ ਦਾ ਪਤਾ ਲੈਣ ਉਨ੍ਹਾਂ ਦੇ ਘਰ ਚਰਨ ਪਾਏ। ਆਪ ਦੇ ਅਨੁਜ, ਉਪਕਾਰ ਜੀ ਨੇ ਕੁਝ ਗਾ ਕੇ ਸੁਣਾਇਆ ਪਰ ਪਾਤਰ ਜੀ ਤਾਂ ਸ਼ੁਕਰਾਨੇ ਭਾਵ ਨਾਲ ਵੈਰਾਗੀ ਹੀ ਹੋਏ ਰਹੇ। ਕੁਝ ਦਿਨਾਂ ਬਾਅਦ ਆਪ ਕੁਝ ਲੇਖਕ ਸਾਥੀਆਂ ਨਾਲ ਸ੍ਰੀ ਭੈਣੀ ਸਾਹਿਬ ਗੁਰੂ ਚਰਨਾਂ ਵਿੱਚ ਹਾਜ਼ਰੀ ਭਰਨ ਅਤੇ ਸ਼ੁਕਰਾਨਾ ਕਰਨ ਆਏ।

**ਚਲਦਾ.....**

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

**27 ਮਾਰਚ, 1987; ਸ਼ੁੱਕਰਵਾਰ,**
**ਨਵੀਂ ਦਿੱਲੀ**

ਅੱਜ ਸਾਡੇ ਮਿੱਤਰ ਕਿਰਪਾਲ ਸਿੰਘ ਹੀਰਾ ਦੇ ਤਾਇਆ ਜੋ ਉਨ੍ਹਾਂ ਦਾਦਾ ਜੀ ਮੰਨ ਕੇ ਪੂਜੇ ਸਤਿਕਾਰੇ, ਸੰਤ ਲਛਮਣ ਸਿੰਘ (100) ਪੰਜ ਗਰਾਈਆਂ ਵਾਲੇ, ਜੋ 17.3.87 ਨੂੰ ਗੁਜਰ ਗਏ, ਨਮਿਤ ਉਨ੍ਹਾਂ ਦੇ ਛੋਟੇ ਭਰਾ ਸ. ਲੱਧਾ ਸਿੰਘ ਅਤੇ ਭਤੀਜਿਆਂ ਸਾਧਾਰਨ ਪਾਠ ਦਾ ਭੋਗ ਰਮੇਸ਼ ਨਗਰ ਨਾਮਧਾਰੀ ਧਰਮਸ਼ਾਲਾ ਵਿੱਚ 2 ਤੋਂ 4.30 ਵਜੇ ਸਮਾਗਮ ਕਰਕੇ ਪੁਆਇਆ। ਸੰਤ ਲਛਮਣ ਸਿੰਘ ਜੀ ਪੂਰਨ ਨਾਮਧਾਰੀ ਸਨ। ਉਹਨਾਂ ਦਾ ਪੁੱਤਰ ਤੇ ਪਤਨੀ ਅਰਥਾਤ ਸਾਰਾ ਪਰਵਾਰ ਹੀ ਚੋਖੇ ਸਾਲ ਪਹਿਲਾਂ ਹੀ ਚੜਾਈ ਕਰ ਗਏ ਸਨ, ਏਸੇ ਘਰ ਨੇ ਬਾਕੀ ਜ਼ਿੰਦਗੀ ਦੇਖਭਾਲ ਕੀਤੀ। ਸਬੱਬ ਨਾਲ ਇਹਨਾਂ ਦੀ ਫੋਟੋ ਮੇਰੀ ਕੁਲੈਕਸ਼ਨ ਵਿੱਚੋਂ ਮਿਲ ਗਈ, ਅੱਜ ਉਸਨੂੰ ਮੇਰੇ ਵਲੋ ਹੀ ਵੱਡੀ ਕਰਵਾ ਕੇ ਭੇਟ ਕੀਤਾ ਗਿਆ। ਜਥੇਦਾਰ ਸੇਵਾ ਸਿੰਘ ਜੀ ਦੇ 1;30 ਘੰਟੇ ਦੇ ਦੀਵਾਨ ਉਪਰੰਤ ਹੇਠ ਲਿਖੇ ਸ਼ਰੀਰਾਂ ਸ਼ਰਧਾਂਜਲੀਆ ਭੇਟ ਕੀਤੀਆਂ।

ਸ. ਧਰਮ ਸਿੰਘ ਦੇਹਰਾਦੂਨ ਵਾਲੇ
ਸ. ਜਥੇਦਾਰ ਸੁਰੈਣ ਸਿੰਘ ਰਮੇਸ਼ ਨਗਰ
ਸ. ਦਰਸ਼ਨ ਸਿੰਘ ਪਟੇਲ ਨਗਰ
ਸ. ਪ੍ਰੀਤਮ ਸਿੰਘ ਕਵੀ।

ਸੰਗਤ ਦੀ ਭਰਵੀਂ ਹਾਜਰੀ ਨੇ ਭੋਗ ਦੇ ਸਲੋਕਾਂ ਉਪਰੰਤ ਸ. ਲੱਧਾ ਸਿੰਘ ਪਰਿਵਾਰ ਵਲੋਂ ਬਜ਼ੁਰਗ ਲਈ ਕੀਤੇ ਲੰਗਰ ਦੀ ਸੇਵਾ ਪਰਵਾਨ ਕੀਤੀ। ਸ੍ਰੀ ਸਤਿਗੁਰੂ ਜੀ ਅੱਜ ਸਵੇਰੇ ਹੀ ਜਹਾਜ ਰਾਹੀਂ ਇੰਗਲੈਂਡ ਨੂੰ ਪ੍ਰਸਥਾਨ ਕਰ ਗਏ।

**29-3-87, ਐਤਵਾਰ**
**ਨਵੀਂ ਦਿੱਲੀ**

ਅੱਜ ਸਵੇਰੇ 7 ਵਜੇ ਰਾਗੀਆਂ ਸੰਤ ਹਰਬੰਸ ਸਿੰਘ ਘੁੱਲਾ ਤੇ ਸੰਤ ਖਜਾਨ ਸਿੰਘ, ਜਿੰਨਾਂ ਬੀਤੀ ਰਾਤੀਂ ਯੂ. ਕੇ. ਲਈ ਉੱਡਣਾ ਸੀ, ਆਸਾ ਦੀ ਵਾਰ ਦਾ ਕੀਰਤਨ, ਸੰਤ ਨਰੈਣ ਸਿੰਘ ਅਤੇ ਸੰਤ ਜੋਗਿੰਦਰ ਸਿੰਘ ਦੇ ਘਰ ਸਮਾਪਤ ਕੀਤਾ। ਇਸ ਅਵਸਰ ਤੇ ਅਖੰਡ ਪਾਠ ਦਾ ਭੋਗ ਪਿਆ। ਨਾਮਧਾਰੀ ਮਰਿਆਦਾ ਅਨੁਸਾਰ ਕਰਵਾਏ ਗਏ ਇਸ ਅਖੰਡ ਪਾਠ ਨੂੰ ਸ. ਨਾਰਾਇਣ ਸਿੰਘ ਨੇ ਆਪਣੇ ਪੋਤਰਿਆਂ ਦੀ ਖੁਸ਼ੀ ਲਈ ਕਰਵਾਇਆ ਸੀ। ਸ. ਜੋਗਿੰਦਰ ਸਿੰਘ ਸਪੁੱਤਰ ਸੰਤ ਨਰੈਣ ਸਿੰਘ ਕੀਨੀਆ ਅਫਰੀਕਾ ਵਿੱਚ ਇੰਜੀਨਿਅਰ ਦੇ ਪੋਸਟ ਤੇ ਹਨ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਗੂੜਾ ਸਨੇਹ ਰੱਖਣ ਵਾਲੇ ਸਨ। ਸਾਧ ਸੰਗਤ ਦੇ ਇਕੱਠ ਨੂੰ ਪਹਿਲਾਂ ਪ੍ਰੀਤਮ ਸਿੰਘ ਕਵੀ ਤੇ ਫਿਰ ਜੀਉਣ ਸਿੰਘ ਨੇ ਆਪਣੇ ਜਥੇ ਨਾਲ ਸੰਬੋਧਨ ਕੀਤਾ।

## 2 ਅਪਰੈਲ, 1987; ਵੀਰਵਾਰ
## ਗੁਰਾਇਆ, ਪੰਜਾਬ

ਪੰਜਾਬ ਦੇ ਅੱਧੀ ਸਦੀਓਂ ਪਹਿਲਾਂ ਦੇ ਕਵੀਆਂ ਨੂੰ ਪ੍ਰਭਾਵਤ ਕਰਨ ਵਾਲੇ ਪ੍ਰਸਿੱਧ ਕਵੀ ਤੇ ਦੇਸ਼ ਭਗਤ ਸ. ਮਨਸਾ ਸਿੰਘ ਦੁਖੀ ਦੇ ਛੋਟੇ ਲੜਕੇ ਕਵੀਰਾਜ ਸਿੰਘ ਦਾ ਵੱਡਾ ਸਪੁੱਤਰ ਸ. ਰਾਮੇਸ਼ਵਰ ਸਿੰਘ ਜਿਸਦਾ ਸਾਰੇ ਅਖਬਾਰਾਂ ਵਿੱਚ ਰਾਜੇਸ਼ਵਰ ਸਿੰਘ ਛਪਿਆ। 13 ਮਾਰਚ ਨੂੰ ਗੁਰਾਇਆ ਤੋਂ 4-5 ਕਿਲੋਮੀਟਰ ਦੇ ਫਾਸਲੇ ਤੇ ਸ਼ਾਮੀਂ 6 ਵਜੇ ਸੀ. ਆਰ. ਪੀ. ਐਫ. ਵਾਲੇ ਸਿਪਾਹੀਆਂ ਹੱਥੋਂ ਮਾਰਿਆ ਗਿਆ। ਉਸ ਸਮੇਂ ਉਹਦੀ ਮਾਂ ਤਾਂ ਉਹਦੀ ਸੁਖਣਾ ਲਾਹੁਣ ਡੇਰਾ ਵਡਭਾਗ ਸਿੰਘ ਦੇ ਹੋਲੇ ਵਿੱਚ ਗਈ ਹੋਈ ਸੀ। ਪਿਤਾ ਆਬੂਧਾਬੀ ਵਿੱਚ ਉੱਚੀ ਪੋਸਟ ਉੱਤੇ ਸੀ। ਮੈਂ ਇਹਨਾਂ ਨਾਲ ਹਮਦਰਦੀ ਦਾ ਇਜਹਾਰ ਕਰਨ ਆਉਣਾ ਸੀ, ਸਤਿਗੁਰਾਂ ਵਾਲਿਉਂ ਪਾਸੋਂ ਵੀ ਤੇ ਆਪਣੇ ਵਲੋਂ ਵੀ ਪਰ ਹੋਲੇ ਅਤੇ ਸੰਗੀਤ ਸੰਮੇਲਨ ਕਰਕੇ ਆਇਆ ਨਹੀਂ ਸੀ ਗਿਆ।

ਅੱਜ ਮੈਂ ਇਸ ਬਾਰੇ ਵਿੱਚ ਸਵੇਰੇ 6. 30 ਵਜੇ ਦਾ ਦਿੱਲੀਉਂ ਘਰੋਂ ਨਿਕਲਿਆ ਹੋਇਆ ਸੀ ਮਸਾਂ 3 ਵਜੇ ਮੈਂ ਲਉਢੇ ਵੇਲੇ ਗੁਰਾਇਆ ਪੁੱਜ ਸਕਿਆ। ਘਰ ਦੇ ਮੈਂਬਰ ਤਾਂ ਜਲੰਧਰ ਗਏ ਹੋਏ ਸਨ ਪਰ ਇਹਨਾਂ ਦੇ ਭਾਈ ਵੀਰ ਅਮਰਜੀਤ ਸਿੰਘ ਤੋਂ ਮਾਲੂਮ ਹੋਇਆ ਕਿ ਰਾਮੇਸ਼ਵਰ ਸਿੰਘ ਨੂੰ ਕਿਸੇ ਸਾਜਿਸ਼ ਅਧੀਨ ਕਤਲ ਕਰਵਾਇਆ ਗਿਆ ਹੈ। ਜਦੋਂ ਉਸਦੇ ਸਕੂਟਰ ਤੇ ਗਏ ਦੋ ਹੋਰ ਜਵਾਨਾਂ ਨੂੰ ਕੁਝ ਨਹੀਂ ਕਿਹਾ ਗਿਆ, ਉਹ ਹੋਲੇ ਦੇ ਇਸ਼ਤਿਹਾਰ ਲੁਆ ਰਹੇ ਸਨ। ਫੈਡਰੈਸ਼ਨ ਵਾਲਿਆਂ ਨੇ ਲੋਕ ਕੱਠੇ ਕਰਕੇ ਲਾਸ਼ ਪ੍ਰਾਪਤ ਕੀਤੀ ਅਤੇ ਉਸ ਨਾਲ ਹਮਦਰਦੀ ਪ੍ਰਗਟ ਕਰਨ ਲਈ ਉਸਨੂੰ ਸ਼ਹੀਦ ਮਿਥਕੇ ਤਿੰਨੀ ਥਾਈਂ ਭੋਗ ਪੁਆਏ।

ਸ਼ਾਮੀਂ ਜਦੋਂ ਕਵੀਰਾਜ ਸਿੰਘ, ਉਸ ਲੜਕੇ ਦਾ ਪਿਤਾ ਮਿਲਿਆ ਤਾਂ ਉਸ ਦੱਸਿਆ ਕਿ ਉਹ 14.3.87 ਨੂੰ ਆਬੂਧਾਬੀਉਂ ਪਹੁੰਚ ਗਿਆ ਸੀ। ਬੱਚੇ ਦੀ ਮਾਂ ਡੇਢ ਘੰਟਾ ਲੇਟ ਆਈ ਤੇ ਮਾਤਮੀਂ ਜਲੂਸ ਵਿੱਚ ਗੁਰਾਇਆ ਸ਼ਾਮਲ ਹੋ ਗਿਆ। ਤਿੰਨ ਦਿਨ ਸ਼ਹਿਰ ਵੀ ਬੰਦ ਰਿਹਾ। ਮੇਰੇ ਹਿਤ ਵਿੱਚ ਕਵੀਰਾਜ ਸਿੰਘ ਨੇ ਆਪਣੀ ਭੈਣ ਬਲਰਾਜ ਨੂੰ ਫਗਵਾੜੇ ਤੋਂ ਮੰਗਵਾਇਆ। ਉਸਨੇ ਦੱਸਿਆ ਕਿ ਸੱਚੇ ਪਾਤਸ਼ਾਹ ਜੀ ਨੇ ਜਸਬੀਰ ਸਿੰਘ ਲੁਧਿਆਣਾ ਨੂੰ ਇਸ ਘਰ ਵਿੱਚ ਹਵਨ ਤੇ ਵਰਨੀ ਦੀ ਆਗਿਆ ਕੀਤੀ ਸੀ ਸੁ 28.3.87 ਨੂੰ ਸੰਤ ਦਿਆਲ ਸਿੰਘ ਫਗਵਾੜਾ ਦੀ ਪ੍ਰਮੁੱਖਤਾ ਵਿੱਚ ਵਰਨੀ ਤੇ ਹਵਨ ਕਰਵਾਕੇ ਬੱਚ ਦੀ ਨਵਿਰਤੀ ਲਈ ਅਰਦਾਸ ਕੀਤੀ ਗਈ।

ਕਵੀਰਾਜ ਸਿੰਘ ਨੇ ਦੱਸਿਆ ਕਿ ਸ਼੍ਰੀ ਭੈਣੀ ਸਾਹਿਬ ਦੇ ਦਰਸ਼ਨਾਂ ਨੂੰ ਬੜਾ ਜੀਅ ਕਰਦਾ ਸੀ। ਅੱਜ ਸਵੇਰੇ ਹੀ ਉਹ, ਉਹਦੀ ਪਤਨੀ ਤੇ ਛੋਟੇ ਲੜਕੇ ਅਤੇ ਭੈਣ ਬਲਰਾਜ ਇਸ ਪਾਵਨ ਭੂਮੀ ਦੇ ਮਸਤਕ ਛੁਹਾ ਕੇ ਆਏ ਹਨ। ਫੈਡਰੈਸ਼ਨ ਵਾਲਿਆਂ ਨੇ ਬੱਚੇ ਨੂੰ ਸ਼ਹੀਦ ਦਾ ਦਰਜਾ ਦੇ ਕੇ ਪਰਵਾਰ ਨੂੰ ਕਾਫ਼ੀ ਹੌਂਸਲਾ ਦਿਵਾਇਆ, ਹਾਲਾਕਿ ਇਹਨਾ ਦੀ ਸੰਗਤ ਦੇ ਕਾਰਨ ਹੀ ਉਹ ਮੌਤ ਦਾ ਸ਼ਿਕਾਰ ਹੋਇਆ। ਕਵੀਰਾਜ ਨੂੰ ਭੋਗ ਸਮੇਂ 1100 ਫੈਡਰੈਸ਼ਨ ਵਲੋਂ ਸਹਾਇਤਾ ਪ੍ਰਦਾਨ ਕੀਤੀ ਗਈ। ਪਰ ਉਸਨੇ 1100 ਹੋਰ ਮਿਲਾਕੇ 2200 ਫੈਡਰੈਸ਼ਨ ਨੂੰ ਦਿੱਤੇ। 10,000 ਸ਼੍ਰੋਮਣੀ ਕਮੇਟੀ ਨੇ ਵੀ ਇਸ ਕਤਲ ਹੋਏ ਬੱਚੇ ਲਈ ਦਿੱਤਾ, ਪਰ ਉਹ ਵੀ ਦੁਖੀ ਪਰਵਾਰ ਨੇ ਮੋੜ ਦਿੱਤਾ।

## 3 ਅਪਰੈਲ, 1987
## ਸ਼ੁਕਰਵਾਰ

ਅੱਜ ਦਿਨੇ 1.30 ਵਜੇ ਮੈਂ ਸ. ਜਗਦੀਸ਼ ਸਿੰਘ ਵਰਿਆਮ ਦੇ ਘਰ ਜਾ ਪੁੱਜਾ। ਮੇਰਾ ਫਿਕਰ ਸੀ "ਬੀਤੇ ਦੀਆਂ ਪੈੜਾਂ" ਦੀ ਪਹਿਲੀ ਕਿਤਾਬ ਦੇ ਪਰੂਫਾਂ ਆਦਿ ਦਾ ਪਤਾ ਕਰਨਾ। ਸ. ਵਰਿਆਮ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਕੈਡਮੀ ਵਿੱਚ ਭਰਤੀ ਕਰਨ ਲਈ ਬੱਚਿਆਂ ਨੂੰ ਖੜਨਾ। ਉਗ੍ਰਾਹੀਆਂ ਦੇ ਸੰਬੰਧ ਵਿੱਚ ਮਾਤਾ ਜੀ ਦਾ ਆਉਣਾ ਤੇ ਤਗੜੀ ਉਗਰਾਹੀ ਲਈ ਦੂਜਿਆਂ ਨੂੰ ਮਜਬੂਰ ਕਰਨਾ ਵੀ ਸਮੇਂ ਅਨੁਕੂਲ ਨਾ ਦੱਸਕੇ ਵਰਿਆਮ ਨੇ ਅਪ੍ਰਿਯ ਦੱਸਿਆ। ਮੈਂ ਨਵਾਂ ਜਮਾਨਾ ਦੇ ਪ੍ਰੈਸ ਸਵਾਮੀ, ਪ੍ਰਿਟਿੰਗ ਪ੍ਰੈਸ ਵਿੱਚ ਆਪਣੇ ਵਾਲੀ ਮੈਨੇਜਰੀ ਦੇ ਕੁਰਸੀ ਤੇ ਸ. ਪ੍ਰਿਥੀਪਾਲ ਸਿੰਘ ਸੰਧੂ ਨੂੰ ਵੇਖ ਕੇ ਕੁਝ ਤਸੱਲੀ ਅਨੁਭਵ

ਕੀਤੀ। ਹਿੰਮਤੀ ਤੇ ਸਿਆਣਾ ਬੰਦਾ ਪ੍ਰੈਸ ਨੂੰ ਬਤੌਰ ਮੈਨੇਜਰ ਮਿਲਿਆ ਹੈ। ਰਾਤ ਬਾਬਾ ਗੁਰਬਖਸ਼ ਸਿੰਘ ਬੀਨੂੰ ਆਣਾ ਹਰਬੀਰ ਸਿੰਘ ਜੀ ਜੋਨੀ ਨੂੰ ਜਾ ਮਿਲੇ। ਬਾਬਾ ਸਰੀਰ ਕਰਕੇ ਅਸਵਥ ਸੀ। ਰਾਜਨੀਤਿਕ ਟਿੱਪਣੀਆਂ ਸੁਣ ਕੇ ਕਵੇਲੇ ਹੋਏ ਵਾਪਸ ਪਰਤੇ।

**4 ਅਪਰੈਲ, 1987,**

**ਸ਼ਨੀਵਾਰ; (ਕਪੂਰਥਲਾ)**

ਸਵੇਰੇ 8 ਵਜੇ ਸ. ਜਗਦੀਸ਼ ਸਿੰਘ ਤੋਂ ਵਿਦਾ ਹੋ, ਆਪਣੇ ਧਰਮ ਬੇਟੇ ਸ. ਗੁਰਦੀਪ ਸਿੰਘ ਬੱਲ ਰਿਟਾਇਰਡ ਇੰਨਸਪੈਕਟਰ ਪੁਲਿਸ ਦੇ ਖੇਤਾਂ ਵਿੱਚ ਬਣੇ ਸੁੰਦਰ ਘਰ ਵਿੱਚ ਜਾ ਪੁੱਜਾ। ਏਥੇ ਕੱਲ ਇਸਦੇ ਛੋਟੇ ਪੁੱਤਰ ਕਰਨੈਲ ਸਿੰਘ ਦੇ ਵਿਆਹ ਤੇ ਜਾਣਾ ਹੈ। ਲੋਕਾਚਾਰ ਦਾ ਵਿਆਹ ਸਮਾਗਮ ਮੈਂ ਤਾਂ ਬਹੁਤ ਹੀ ਚਿਰ ਪਿੱਛੋਂ ਵੇਖਣਾ ਹੈ। ਮੇਰੀ ਮੁਹਾਲੀ ਵਾਲੀ ਪੁੱਤਰੀ ਕੁਲਵੰਤ ਨੇ ਵੀ 3 ਕੁ ਵਜੇ ਤੱਕ ਏਥੇ ਆਉਣਾ ਸੀ। ਸੋ ਮੈਂ ਉਸ ਦੀ ਉਡੀਕ ਵਿੱਚ ਪਿੰਡ ਦੇ ਕੋਲ ਰਾਹ ਤੇ ਬੈਠ ਯਾਦਾਂ ਲਿਖਣ ਲੱਗਾ ਤਾਂ ਉੱਚੀ ਲੰਮੀ ਮੇਰੀ ਪੁੱਤਰੀ ਆਪਣੇ ਪੁੱਤਰ ਬਚਿੱਤਰ ਸਿੰਘ ਨਾਲ ਆਉਂਦੀ ਮਿਲੀ। ਅਸੀਂ ਘਰ ਕੋਲ ਪਹੁੰਚੇ ਹੀ ਸਾਂ ਕਿ ਇੱਕ ਹਿੰਦੂਆਨਾ ਸਕੂਲ ਵਿੱਚ ਦਿਸਦੇ ਸੱਜਣ ਨੇ ਸਾਡੇ ਪਾਸ ਫਾਰਮ ਹਾਊਸ ਵਲੋਂ ਆਉਂਦਿਆਂ ਸਕੂਟਰ ਖਲਿਹਾਰ ਪੁੱਛਿਆ;- ਕਵੀ ਜੀ ਮੈਨੂੰ ਪਛਾਣਿਆ ਜੇ? ਚਿਹਰਾ ਵੇਖਿਆ ਹੋਇਆ ਹੈ ਹੋਰ ਕੁਝ ਯਾਦ ਨਹੀ। ਮੈਂ ਕੰਵਰ ਇਮਤਿਆਜ ਹਾਂ। ਚਲੋ ਘਰ ਚੱਲੀਏ। ਪਿੰਡ ਵਿੱਚ ਮੇਰਾ ਘਰ ਹੈ। ਮੈਂ ਬੱਚਿਆਂ ਨੂੰ ਛੱਡ ਕੇ ਉਸਦੇ ਨਾਲ ਬੈਠ ਗਿਆ ਤਾਂ ਉਹ ਵੱਡੇ ਸਾਰੇ ਪਰ ਪੱਕੇ ਪਿੰਡ ਦੀਆਂ ਗਲੀਆਂ ਵਿੱਚ ਦੀ ਸਕੂਟਰ ਚਲਾਂਦਾ ਇੱਕ ਭੀੜੀ ਪਰ ਸਾਫ ਸੁੱਥਰੀ ਗਲੀ ਦੇ ਅੰਦਰ ਵਾੜ ਇੱਕ ਮਕਾਨ ਵਿੱਚ ਲੈ ਆਇਆ। ਜਿਸਦੇ ਮਤੇ ਤੇ 'ਰਮਜਾਨ ਖਾਨ' ਲਿਖਿਆ ਹੋਇਆ ਸੀ। ਤਦ ਤੱਕ ਮੈਨੂੰ ਚੇਤੇ ਆ ਗਿਆ ਸੀ ਕਿ ਕੰਵਰ ਇਮਤਿਆਜ ਵੀ ਬੀਤੇ ਦੀਆਂ ਪੈੜਾਂ ਦਾ ਪ੍ਰਸ਼ੰਸ਼ਕ ਪਾਠਕ ਹੈ ਤੇ ਪਹਿਲੀ ਵਾਰ ਜਲੰਧਰ ਵਿਖੇ ਜਗਦੀਸ਼ ਸਿੰਘ ਵਰਿਆਮ ਨੇ ਆਪਣੀ ਆਵਾਮੀ ਪ੍ਰੈਸ ਵਿੱਚੋਂ ਨਿਕਲਦਿਆਂ ਉਸ ਨਾਲ ਜਾਣ ਪਛਾਣ ਕਰਵਾਈ ਸੀ। ਸਾਫ ਸੁੱਥਰੇ ਘਰ ਵਿੱਚ ਗ੍ਰਹਿ ਸਵਾਮਨ ਫਰੀਦਾ ਬੇਗਮ ਖਲੋਤੀ ਸੀ। ਇੱਕੋ ਬੱਚੇ ਦੀ ਮਾਂ ਸੋਹਣੀ ਸੋਹਣੀ। ਵੱਡੇ ਸਾਰੇ ਸਿੱਖ ਹਿੰਦੂ ਵਸੋਂ ਵਾਲੇ ਪਿੰਡ ਵਿੱਚ ਇਕੱਲੇ ਮੁਸਲਮਾਨ ਦਾ ਇਹ ਘਰ ਸੀ ਅਤੇ ਇੱਥੇ ਹੀ ਇਹ ਸੱਜਣ ਸਕੂਲ ਮਾਸਟਰ ਅਤੇ ਕਲਮ ਦੋਸਤ ਸੀ। ਢਾਈ ਘੰਟੇ ਇਸ ਨਾਲ ਬੀਤੇ। ਪਰ ਇੰਨੇ ਚਿਰ ਵਿੱਚ ਉਹਦੀਆਂ ਬਣਾਈਆਂ ਪੇਟਿੰਗਸ, ਕਿਤਾਬਾਂ ਦੇ ਕਵਰ ਡਿਜਾਇਨ, ਦੁਰਲਭ ਪੁਸਤਕਾਂ ਦੇ ਸੰਗ੍ਰਹਿ ਅਤੇ ਉਸਦੇ ਲੇਖਕਮਿੱਤਰਾਂ ਦੀ ਚਰਚਾ ਹੁੰਦੀ ਰਹੀ। ਲੇਖਕਾਂ ਨੂੰ ਪੇਸ਼ ਕਰਨ ਦਾ ਚੰਦਾ ਮੁਹਈਆ ਕਰਨ ਲਈ 'ਬਾਗਾਦਰੀ' ਨਾਮ ਦੀ ਸੰਸਥਾ ਵੀ ਉਸਦੇ ਉੱਦਮ ਦਾ ਫਲ ਹੈ। 'ਵਿਰਸਾ' ਨਾਮ ਦਾ ਮੈਗਜੀਨ ਵੀ ਦੋਹਾਂ ਜੀਆਂ ਦੇ ਯਤਨਾਂ ਦੀ ਦਾਸਤਾਨ ਹੈ। ਪੁਰਾਣੀਆਂ ਚੀਜਾਂ ਦੇ ਕਦਰਦਾਨ ਨੇ ਇੱਕ ਭਿਖਿਆ ਮੰਗ ਕੇ ਲਿਆਉਣ ਵਾਲੇ ਚਿਮਟਾ ਬਾਰੀ ਸੱਜਣਦਾ ਲੱਕੜ ਵਿੱਚੋਂ ਮਹਾਨ ਲੈਨਿਨ ਨੂੰ ਤ੍ਰਾਸ਼ ਕੱਢਣਾ ਅਮਨ ਨਾਲ ਸੰਬੰਧਤ ਸਾਰੀ ਦੁਨੀਆਂ ਦੀ ਤਾਂਘ ਨੂੰ ਅਫਸੋਸ ਜੁਦਾ ਸਾਮਰਾਜ ਨੂੰ ਨਿੰਮੋਝੂਣਾ ਹੋਇਆ ਵਖਾਣ ਵਾਲੇ ਕੰਕੜ ਟੁਕੜੇ ਇਮਤਿਆਜ ਕਲਾ ਪ੍ਰਤੀ ਸੂਝ ਤੇ ਪਰਖ ਦੇ ਦਰਸ਼ਨ ਕਰਵਾਂਦੇ ਸਨ। ਵਾਪਸੀ ਸਮੇਂ ਦੇ ਹੋਰ ਮਿੱਤਰ ਲੇਖਕਾਂ ਪਾਸ 10 ਮਿੰਟੀ ਬੈਠਕ ਦਾ ਵੀ ਉਸਨੇ ਅਵਸਰ ਬਣਾ ਲਿਆ ਅਤੇ ਮੈਂ ਰੱਜਿਆ ਰੱਜਿਆ ਬੰਬੀ ਵਾਲੇ ਘਰ ਪਹੁੰਚਿਆ।


**5 ਅਪਰੈਲ 1987, ਐਤਵਾਰ**

**ਹੁਸੈਨਪੁਰ (ਹੁਸ਼ਿਆਰਪੁਰ)**

ਅੱਤਵਾਦੀਆਂ ਵਲੋਂ ਛਪਿਆ ਇੱਕ ਇਸ਼ਿਤਿਹਾਰ ਮੈਨੂੰ ਜਲੰਧਰ ਵਿਖੇ ਜਗਦੀਸ਼ ਸਿੰਘ ਨੇ ਵਖਾਇਆ ਸੀ ਜਿਸ ਵਿੱਚ ਉਹਨਾਂ ਸੁਧਾਰ ਦਾ ਬੁਰਕਾ ਪਾਇਆ ਸੀ। ਇਸ਼ਤਿਹਾਰ ਸੇਧ ਦੇਣ ਦੇ ਅਮਲੀ ਡਰਾਵੇ ਦਾ ਸੂਚਕ ਸੀ। ਇਸ ਵਿੱਚ ਪੁਲਸੀਆਂ, ਪੁਲਿਸ-ਟਾਊਟਾਂ ਮੁਖਬਰਾਂ ਨੂੰ ਸੋਧਣ ਦੇ ਐਲਾਨ ਦੇ ਨਾਲ ਕੁਛ ਇਹ ਵੀ ਸਨ ਕਿ 11 ਤੋਂ ਵੱਧ ਲੋਕਾਂ ਦੀ ਜੰਵ ਖੜਨ ਵਾਲਿਆਂ ਨੂੰ ਰਾਹੇ ਰਾਸਤੀ ਤੇ ਆ ਜਾਣਾ ਹੈ, ਉਹਨਾਂ ਦੇ ਖਿਲਾਫ ਮੁਹਿੰਮ ਜਾਰੀ ਹੈ। ਸਿਗਰਟਾਂ ਪੀਣ, ਮਾਸ ਸ਼ਰਾਬ ਖਾਣ ਪੀਣ ਵਾਲੇ ਸਹੀ ਹੋ ਜਾਣ ਨਹੀਂ ਤਾਂ ਉਹਨਾਂ ਦਾ ਇਲਾਜ ਹੋ ਜਾਏਗਾ। 14 ਤਾਰੀਕ ਤੱਕ ਦੁਕਾਨਾਂ ਵਿੱਚ ਧੰਧੇ ਤਿਆਗ ਕੇ ਹੋਰਾਂ ਦੀਆਂ ਪਾ ਲੈਣ ਦਾ ਸੁਝਾਉ ਸੀ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ



**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**

**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

ਇਸ ਦੌਰੇ ਵਿਚ ਗੱਡਿਆਂ ਵਾਲੇ ਸਿੰਘਾਂ ਦੇ ਨਾਮ ਨਾਮ ਇਹ ਹਨ:

1. ਮਹੰਤ ਕੌਲਾ ਸਿੰਘ ਪਿੰਡ ਮੌਲੀ ਦਰਾਲੀ ਜ਼ਿਲ੍ਹਾ ਅੰਬਾਲਾ। ਇਹ ਕੰਨਾਂ ਤੱਕ ਲੋਹੇ ਦਾ ਕੌਲਾ ਸਿਰ ਤੇ ਪਾ ਕੇ ਉਤੋਂ ਦਸਤਾਰ ਸਜਾਉਂਦਾ ਹੁੰਦਾ ਸੀ। ਪਹਿਲੀਆਂ ਵਿਚ ਡਾਂਗ ਦੀ ਲੜਾਈ ਵਿਚ ਇਉਂ ਸਿਰ ਬਚ ਜਾਂਦਾ ਸੀ, ਤਾਂ ਹੀ ਇਹਨਾਂ ਦਾ ਨਾਂ ਹੀ ਕੌਲਾ ਸਿੰਘ ਪੈ ਗਿਆ ਸੀ।ਅਸਲ ਨਾਂ ਨੂੰ ਤਕਰੀਬਨ ਸਾਰੇ ਹੀ ਭੁੱਲ ਚੁੱਕੇ ਸਨ। ਬਹੁਤ ਸਮਾਂ ਗੁਰੂ ਘਰ ਦੀ ਸੇਵਾ ਨਿਸ਼ਕਾਮ ਹੋ ਕੇ ਕੀਤੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਹਿਰੇ ਵਿਚ ਭੈਣੀ ਸਾਹਿਬ ਚੜ੍ਹੇ ਸਨ। ਇਉਂ ਗੁਰੂ ਹਰੀ ਸਿੰਘ ਜੀ ਤੋਂ ਲੈ ਕੇ ਤਿੰਨ ਸਤਿਗੁਰਾਂ ਦਾ ਸਨੇਹ ਮਾਣਿਆ।
2. ਈਸ਼ਰ ਸਿੰਘ ਪਿੰਡ ਰੁੜਕਾ ਜ਼ਿਲ੍ਹਾ ਲੁਧਿਆਣਾ। ਕੂਕਿਆਂ ਦਾ ਪ੍ਰਸਿੱਧ ਪਿੰਡ ਸੀ।
3. ਮਾਘਾ ਸਿੰਘ ਪਿੰਡ ਅਲੌੜ ਰਿਆਸਤ ਨਾਭਾ
4. ਵਸਾਖਾ ਸਿੰਘ, 'ਜੁੱਲੀ ਚੁੱਕ'

ਮਾਘਾ ਸਿੰਘ ਪਾਠੀ ਵੀ ਅੱਵਲ ਦਰਜੇ ਦਾ ਸੀ। ਭੱਜਦਾ ਵੀ ਇਕ ਨੰਬਰ ਦਾ ਸੀ। ਭੱਜਣ ਲੱਗਿਆਂ ਇਹਨੂੰ ਕਿਸੇ ਨਹੀਂ ਸੀ ਫੜਿਆ। ਈਸ਼ਰ ਸਿੰਘ ਇਕੱਲੇ ਇਕੱਲੇ ਨਾਲ ਰੱਸਾ ਖਿੱਚਣ ਵਿਚ ਬਹੁਤ ਤਕੜਾ ਸੀ। ਦੋ ਮਣ ਪੱਕੇ ਦੀ ਰੇਤ ਦੀ ਕੜਾਹੀ ਭਰੀ ਹੋਈ ਥੱਲਿਓਂ ਬਾਹਾਂ ਤੇ ਚੁੱਕ ਲੈਂਦਾ ਸੀ। ਨੌਂ ਮਣ ਕੱਚਾ ਪਾਣੀ ਬੋਕੇ ਵਿਚ ਪੈਂਦਾ ਸੀ, ਜਿਸ ਨੂੰ ਖੂਹ ਵਿਚੋਂ ਦੋ ਬਲਦ ਖਿੱਚਦੇ ਸਨ। ਇਹ ਖੂਹ ਵਿਚ ਲੱਤਾਂ ਲਮਕਾ ਕੇ, ਬੌਲਦਾਂ ਦੀ ਕਿੱਲੀ ਕਢਵਾ ਕੇ, ਭਰੇ ਹੋਏ ਬੋਕੇ ਦੀ ਲੱਜ ਨੂੰ ਦੂੰਹ ਹੱਥਾਂ ਨਾਲ ਫੜੀ ਰੱਖਦਾ ਸੀ। ਮਹੰਤ ਕੌਲਾ ਸਿੰਘ, ਜੋ ਗੱਡੇ ਤੇ ਚਾਲੀ ਮਣ ਪੱਕਾ ਭਾਰ ਲੱਦਿਆ ਹੋਵੇ ਤਾਂ ਲੱਕ ਪਿਛਲੇ ਪਾਸੇ ਲਾ ਕੇ ਗੱਡੇ ਦੇ ਦੋਵੇਂ ਪਹੀਏ ਫੇਰ ਦਿੰਦਾ ਸੀ। ਜੁੱਲੀ ਚੁੱਕ ਵਸਾਖਾ ਸਿੰਘ ਇਕ ਲੱਤ ਬੰਨ੍ਹ ਕੇ, ਇਕ ਲੱਤ ਨਾਲ ਹੀ ਇਕ ਮੀਲ ਤੱਕ ਭੱਜ ਲੈਂਦਾ ਸੀ। ਇਹਨਾਂ ਵਿਚ ਹੋਰ ਇਹ ਵੀ ਬਰਕਤਾਂ ਸਨ ਕਿ ਇਹ ਨਾਮ ਵੀ ਜਪਦੇ ਸਨ ਅਤੇ ਰਾਤ ਨੂੰ ਦੀਵਾਨ ਵੀ ਲਾਉਂਦੇ ਸਨ।

ਇਸ ਤਰ੍ਹਾਂ ਘੋੜਿਆਂ ਵਾਲੇ, ਗੱਡਿਆਂ ਵਾਲੇ, ਰਾਗੀ ਰਬਾਬੀ ਤੇ ਜਥੇਦਾਰ ਪ੍ਰਚਾਰਕ ਹਜ਼ੂਰੀ ਜੱਥਾ ਆਦਿ ਦੇ ਸੱਠ ਕੁ ਸਰੀਰ ਡੇਰੇ ਤੋਂ ਇਸ ਦੌਰੇ ਲਈ ਚੱਲੇ ਸਨ। ਹੋਰ ਤੀਹ ਚਾਲੀ ਸਿੰਘ ਰਸਤੇ ਦੇ ਪਿੰਡਾਂ ਵਿਚੋਂ ਰਲ ਗਏ ਸਨ, ਇਉਂ ਪੂਰਾ ਸੌ ਸਿੰਘਾਂ ਦਾ ਜਥਾ ਹੋ ਗਿਆ ਸੀ ਇਸ ਦੌਰੇ ਵਿਚ।ਰੋਜ਼ ਅੰਬਾਂ ਦੀਆਂ ਟੋਕਰੀਆਂ ਆ ਜਾਣੀਆਂ।

ਸਭ ਸਿੰਘਾਂ ਨੇ ਅੰਬ ਚੂਪਣੇ। ਚੁੰਨ੍ਹੀ ਤੋਂ ਸਤਿਗੁਰੂ ਜੀ ਨੇ ਮਹੰਤ ਕੌਲਾ ਸਿੰਘ ਦੇ ਪਿੰਡ ਮੌਲੀ ਦਰਾਲੀ ਨੂੰ ਚਾਲੇ ਪਾ ਦਿਤੇ। ਇਥੋਂ ਮਾਈ ਜੀ ਆਪਣੀ ਨੂੰਹ ਮਾਤਾ ਭੂਪਿੰਦਰ ਕੌਰ ਜੀ ਨੂੰ ਲੈ ਕੇ ਵਾਪਸ ਭੈਣੀ ਸਾਹਿਬ ਚਲੇ ਗਏ। ਸਤਿਗੁਰੂ ਜੀ ਮੌਲੀ ਦਰਾਲੀ ਤੋਂ ਅੰਬਾਲੇ ਹੋ ਕੇ ਮਚੌਰ ਚਲੇ ਗਏ। ਮਚੌਰੋਂ ਅੰਬਾਲੇ ਦੇ ਚਾਰ ਚੁਫੇਰੇ ਜਿਤਨੇ ਪਿੰਡ ਸਨ ਸਭ ਦਾ ਦੌਰਾ ਕਰਕੇ ਸਤਿਗੁਰੂ ਜੀ ਪਟਿਆਲੇ ਪੁੱਜ ਗਏ। ਪਟਿਆਲੇ ਤੋਂ ਚਰਨਾਰ ਥਲ, ਸਲਾਣੇ ਹੁੰਦੇ ਹੋਏ ਵਾਪਸ ਡੇਰੇ ਸ੍ਰੀ ਭੈਣੀ ਸਾਹਿਬ ਪੁੱਜ ਗਏ। ਦੌਰਾ ਸਮਾਪਤ ਹੋਇਆ।ਇਹ ਦੌਰਾ 15 ਹਾੜ ਤੋਂ ਲੈ ਕੇ 10 ਭਾਦਰੋਂ ਤੱਕ ਕੀਤਾ ਸੀ।

10 ਭਾਦਰੋਂ ਸ਼ਾਮ ਨੂੰ ਸਤਿਗੁਰੂ ਜੀ ਨਹਿਰ ਤੇ ਚਲੇ ਗਏ। ਇਥੇ 11 ਭਾਦਰੋਂ ਦੀ ਸਵੇਰੇ ਚਾਲ੍ਹੀਆ ਸ਼ੁਰੂ ਕੀਤਾ। ਸਾਰੀ ਮਰਿਆਦਾ ਪਹਿਲਾਂ ਜਿਉਂ ਹੀ ਕੀਤੀ ਅਤੇ 20 ਅੱਸੂ ਨੂੰ ਚਾਲ੍ਹੀਏ ਦਾ ਭੋਗ ਪਾਇਆ।

**ਸਾਖੀ ਡਾਂਗ ਬਹਾਦਰਾਂ ਦੀ**

ਬਿਸ਼ਨ ਸਿੰਘ ਰਪਟੀਏ, ਸੁਹੇਲ ਸਿੰਘ ਬਿਲਗੇ ਵਾਲੇ ਦੇ ਭਤੀਜੇ ਨੇ ਆਖਿਆ ਕਿ ਮੈਨੂੰ ਕੋਈ ਡਾਂਗ ਨਹੀਂ ਮਾਰ ਸਕਦਾ ਕਿਉਂਕਿ ਇਹ ਗਤਕੇ ਦਾ ਆਹਲਾ ਦਰਜੇ ਦਾ ਖਿਲਾੜੀ ਸੀ। ਭੱਜਦਾ ਵੀ ਬਹੁਤ ਛੂਹਲਾ ਸੀ। ਗੁਰੂ ਹਰੀ ਸਿੰਘ ਜੀ ਦੇ ਘੋੜਿਆਂ ਅੱਗੇ ਚਾਲੀ ਚਾਲੀ ਕੋਹ ਭੱਜਾ ਜਾਂਦਾ ਹੁੰਦਾ ਸੀ। ਪਾਖਰ ਸਿੰਘ ਜੀ ਮਜ਼੍ਹਬੀ ਸਿੰਘ ਸਨ। ਉਹਨਾਂ ਨੇ ਕਿਹਾ ਕਿ ਮੇਰੀ ਡਾਂਗ ਕੋਈ ਝੱਲ ਨਹੀਂ ਸਕਦਾ। ਦੋਹਾਂ ਤਬੇਲਿਆਂ ਦੇ ਸਿੰਘ ਇਕੱਠੇ ਹੋ ਗਏ। ਪਾਖਰ ਸਿੰਘ ਨੇ ਵੱਟ ਕੇ ਡਾਂਗ ਮਾਰੀ। ਰਪਟੀਏ ਦੀ ਡਾਂਗ ਦੋ ਟੋਟੇ ਹੋ ਗਈ। ਰਪਟੀਆ ਭੱਜ ਕੇ ਅਖਾੜੇ ਵਿਚੋਂ ਬਾਹਰ ਹੋ ਗਿਆ। ਪਾਖਰ ਸਿੰਘ ਨੇ ਕਿਹਾ ਕਿ ਭੱਜਣ ਦੀ ਜੁਆਨਾ ਲੋੜ ਕੋਈ ਨਹੀਂ। ਡਾਂਗ ਹੋਰ ਲੈ ਆ। ਰਪਟੀਏ ਨੇ ਕਿਹਾ ਕਿ ਹੋਰ ਸੋਟਾ ਲਿਆਉਣ ਦੀ ਹੁਣ ਲੋੜ ਕੋਈ ਨਹੀਂ। ਮੇਰਾ ਏਨੇ ਨਾਲ ਹੀ ਘਰ ਪੂਰਾ ਹੋ ਗਿਆ ਹੈ। 'ਸਾਬਾਸ਼ੇ ! ਤੇਰੀ ਮਾਂ ਜੰਮਣ ਵਾਲੀ ਦੇ, ਜਿਸ ਐਡਾ ਜੁਆਨ ਪੁੱਤਰ ਜੰਮਿਆ ਹੈ।'' ਪਾਖਰ ਸਿੰਘ ਨੇ ਕਿਹਾ, ''ਸ਼ਾਬਾਸ਼ੇ ! ਤੇਰੀ ਮਾਂ ਜੰਮਣ ਵਾਲੀ ਦੇ ਵੀ। ਮੇਰੀ ਡਾਂਗ ਵੀ ਅੱਜ ਤੱਕ ਕਿਸੇ ਨਹੀਂ ਝੱਲੀ।''

**ਨੱਥਾ ਸਿੰਘ ਤੇ ਪਾਖਰ ਸਿੰਘ ਮਜ਼੍ਹਬੀ ਦੀ ਲੜਾਈ:**

ਪਾਖਰ ਸਿੰਘ ਜੀ ਨੇ ਨੱਥਾ ਸਿੰਘ ਮਜ਼੍ਹਬੀ ਨੂੰ ਕਿਹਾ ਕਿ ਚਿੱਟੀ ਤੂੜੀ ਘਾਣੀ ਵਿਚ ਨਹੀਂ ਪਾਉਣੀ। ਗੁਰੂ ਹਰੀ ਸਿੰਘ ਜੀ ਦਾ ਹੁਕਮ ਹੈ। ਨੱਥਾ ਸਿੰਘ ਨੇ ਕਿਹਾ ਕਿ ਮੈਂ ਤਾਂ ਚਿੱਟੀ ਹੀ ਪਾਣੀ ਏ, ਜਾਹ ਨਹੀਂ ਹਟਦਾ। ਉਸ ਕਿਹਾ, ਮੈਂ ਨਹੀਂ ਪਾਉਣ ਦਿੰਦਾ। ਦੋਹਾਂ ਦੇ ਹੱਥਾਂ ਵਿਚ ਕਹੀਆਂ ਸਨ। ਤਬੇਲੇ ਲਿੱਪਣ ਲਈ ਘਾਣੀ ਜੂ ਕਰ ਰਹੇ ਸਨ। ਜਿਉਂ ਅੱਖ ਬਚਾ ਕੇ ਪਾਖਰ ਸਿੰਘ ਨੇ ਨੱਥਾ ਸਿੰਘ ਦੇ ਸਿਰ ਵਿ ਮਾਰੀ ਕਹੀ ਕੰਨਾਂ ਤੱਕ ਧਸ ਗਈ। ਸਿੰਘਾਂ ਨੇ ਫੜ ਕੇ ਪਾਖਰ ਸਿੰਘ ਨੂੰ ਪਿਛਾਂਹ ਹਟਾ ਦਿਤਾ ਅਤੇ ਨੱਥਾ ਸਿੰਘ ਨੂੰ ਮੰਜੀ ਤੇ ਪਾ ਦਿਤਾ। ਸਿੰਘਾਂ ਨੇ ਬਚਾ ਕੇ ਅਡੋਲ ਹੀ ਕਹੀ ਵੀ ਨੱਥਾ ਸਿੰਘ ਦੇ ਸਿਰ ਵਿਚੋਂ ਕੱਢ ਲਈ। ਪਤਲੀ ਮਲਮਲ ਨਾਲ ਸਿਰ ਘੁੱਟ ਕੇ ਬੰਨ੍ਹ ਕੇ ਸਿਰ 'ਤੇ ਚੱਕਰ ਪਾ ਕੇ ਉਤੇ ਭੂਰੇ ਨਾਲ ਬੰਨ੍ਹ ਦਿਤਾ। ਛੇ ਸੱਤ ਸੇਰ ਦੁੱਧ, ਸੇਰ ਖੰਡ, ਸੇਰ ਘਿਉ ਮਿਲਾ ਕੇ ਨੱਥਾ ਸਿੰਘ ਹੋਰਾਂ ਨੂੰ ਛਕਾ ਦਿਤਾ। ਨੱਥਾ ਸਿੰਘ ਹੋਰੀਂ ਕਹਿੰਦੇ ਹੁੰਦੇ ਸਨ, ''ਮੈਂ ਹਾਥੀ ਦਾ ਅਵਤਾਰ ਹਾਂ। ਹਾਥੀ ਨੂੰ ਕਿੱਡਾ ਜ਼ਖ਼ਮ ਹੋਇਆ ਹੋਵੇ, ਜਦੋਂ ਤਾਰੇ ਵੇਖਦਾ ਹੈ ਜ਼ਖ਼ਮ ਮਿਟ ਜਾਂਦਾ ਹੈ। ਇਸੇ ਤਰ੍ਹਾਂ ਹੀ ਮੇਰਾ ਜ਼ਖ਼ਮ ਮਿਟ ਜਾਂਦਾ ਹੈ।'' ਇਹ ਬਚਨ ਉਹਨਾ ਸੱਚਾ ਕਰਕੇ ਵਿਖਾ ਦਿਤਾ। ਜਿਸ ਵੇਲੇ ਸਵੇਰੇ ਉੱਠ ਕੇ ਜੰਗਲ ਮੈਦਾਨ ਗਏ ਤਾਂ ਭੈਣੀ ਸਾਹਿਬ ਦੀ ਪੁਲੀਸ ਚੌਂਕੀ ਦੇ ਹਵਾਲਦਾਰ ਨੇ ਪੁੱਛਿਆ ਕਿ ਨੱਥਾ ਸਿੰਹਾਂ ਤੈਨੂੰ ਤਾਂ ਪਾਖਰ ਸਿੰਘ ਨੇ ਕਹੀ ਮਾਰੀ ਹੈ। ਤੂੰ ਰਪਟ ਕਿਉਂ ਨਹੀਂ ਲਿਖਵਾਈ। ਨੱਥਾ ਸਿੰਘ ਮਾਰ ਕੇ ਛਾਲ ਬਦਲ ਕੇ ਪੈਂਤੜਾ ਕਹਿੰਦਾ, ''ਹੌਲਦਾਰਾ ! ਜੇ ਮੈਨੂੰ ਕਹੀ ਵੱਜੀ ਹੋਵੇ ਤਾਂ ਮੈਂ ਇਸ ਤਰ੍ਹਾਂ ਛਾਲਾਂ ਮਾਰ ਕੇ ਪੈਂਤੜੇ ਬਦਲ ਸੱਕਦਾ ਹਾਂ।'' ਹੌਲਦਾਰ ਚੁੱਪ ਕਰ ਗਿਆ ਤੇ ਸੋਚੀਂ ਪੈ ਗਿਆ। ਹੌਲਦਾਰ ਨੇ ਕਿਹਾ, ''ਨੱਥਾ ਸਿੰਘਾ ! ਤੁਹਾਡੇ ਕੂਕਿਆਂ ਦੇ ਇਸ ਸਲੂਕ ਨੇ ਹੀ ਅੰਗ੍ਰੇਜ਼ ਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਹਨ। ਕਿਉਂਕਿ ਜਦੋਂ ਤੋਂ ਸਤਿਗੁਰੂ ਰਾਮ ਸਿੰਘ ਜੀ ਨੇ ਸੂਬੇ ਥਾਪ ਕੇ, ਤੁਹਾਡਾ ਪੰਥ ਸਾਜਿਆ ਹੈ, ਉਹ ਦਿਨ ਜਾਵੇ ਤੇ ਅੱਜ ਦਾ ਆਵੇ, ਤੁਹਾਡਾ ਕੋਈ ਮੁਕਦਮਾ ਅਦਾਲਤ ਵਿਚ ਨਹੀਂ ਗਿਆ। ਸਭ ਦੇ ਫੈਸਲੇ ਤੁਸੀਂ ਆਪ ਹੀ ਕਰ ਲੈਂਦੇ ਹੋ।'' ਅਗਲੇ ਦਿਨ ਫਿਰ ਦੋਵੇਂ ਸਿੰਘ ਇਕੱਠੇ ਹੋ ਕੇ ਨਹਿਰ 'ਤੇ ਘਾਹ ਵੱਢਣ ਵਾਸਤੇ ਚਲੇ ਗਏ।

**ਮਹੰਤ ਕੌਲਾ ਸਿੰਘ ਤੇ ਸਾਧੂ ਸਿੰਘ ਰਵਿਦਾਸੀਆ:**

ਬਾਵਾ ਸਾਧੂ ਸਿੰਘ ਰਵਿਦਾਸੀਆ ਆਖਣ ਲੱਗਾ ਕਿ ਮੇਰੇ ਨਾਲ ਮਹੰਤ ਕੌਲਾ ਸਿੰਘ ਡਾਂਗ ਨਾਲ ਲੜ ਕੇ ਵੇਖ ਲਵੇ। ਸਾਰੇ ਸਿੰਘ ਹੱਸਣ ਲੱਗ ਪਏ ਅਖੇ ਮਹੰਤਾ ਹੁਣ ਹੋ ਅੱਗੇ। ਜ਼ੋਰਾਵਰ ਸਾਧੂ ਸਿੰਘ ਵੀ ਬੜਾ ਸੀ। ਉਹ ਰਾਤ ਦਿਨ ਗੁਰੂ ਪਸ਼ੂਆਂ ' ਲਈ ਨਹਿਰ 'ਤੇ ਘਾਹ ਹੀ ਵੱਢਦਾ ਰਹਿੰਦਾ ਸੀ। ਨਾ ਸੱਪ ਤੋਂ ਡਰਦਾ ਸੀ ਅਤੇ ਨਾ ਹੀ ਉਹਨੂੰ ਮੱਛਰ ਲੜਦਾ ਸੀ। ਰੋਜ਼ ਵੀਹ ਪੰਡਾਂ ਘਾਹ ਦੀਆਂ ਵੱਢ ਦਿੰਦਾ ਸੀ। ਸਵੇਰੇ ਉਠ ਕੇ ਸੁਖ ਨਿਧਾਨ ਦੀ ਦੇਗ ਛਕਦਾ ਸੀ। ਅੱਠ ਪਹਿਰੀ ਇਕੀ ਪ੍ਰਸ਼ਾਦੇ ਛਕਦਾ ਸੀ। ਏਧਰ ਮਹੰਤ ਕੌਲਾ ਸਿੰਘ ਵੀ ਸਮਝਦਾ ਸੀ ਕਿ ਮੈਂ ਬੜਾ ਡਾਂਗ ਬਹਾਦਰ ਹਾਂ। ਪਿੜ ਬੱਝ ਗਿਆ ਤੇ ਦੋਵੇਂ ਆਪਸ ਵਿਚ ਜੁੱਟ ਪਏ। ਜਦੋਂ ਦੋਹਾਂ ਨੂੰ ਚਾਰ ਚਾਰ ਪੰਜ ਪੰਜ ਡਾਂਗਾਂ ਵੱਜ ਚੁੱਕੀਆਂ ਸਨ ਤਾਂ ਫਿਰ ਕੌਲਾ ਸਿੰਘ ਨੇ ਸਾਧੂ ਸਿੰਘ ਨੂੰ ਮੌਰਾਂ ਵਿਚ ਵੱਟ ਕੇ ਡਾਂਗ ਮਾਰੀ। ਸਾਧੂ ਸਿੰਘ ਮੂੰਹ ਪਰਨੇ ਜਾ ਪਿਆ। ਇਹ ਬਚਨ ਇਸ ਲਈ ਲਿਖੇ ਹਨ ਕਿ ਸਿੰਘਾਂ ਵਿਚ ਬੀਰ ਰਸ ਕਾਇਮ ਰੱਖਣ ਲਈ ਇਹ ਛੋਟੀਆਂ ਛੋਟੀਆਂ ਝੜਪਾਂ ਵੀ ਕੰਮ ਆਉਂਦੀਆਂ ਸਨ।

## ਮਹੰਤ ਕੌਲਾ ਸਿੰਘ ਤੇ ਤੱਖਰਾਂ ਵਾਲੇ ਸਾਧ ਦੀ ਸਾਖੀ:

ਤੱਖਰ ਪਿੰਡ ਜੋ ਭੈਣੀ ਸਾਹਿਬ ਦੇ ਲਾਗੇ ਹੀ ਸੀ ਉਥੇ ਇਕ ਜੜਾਵਾਂ ਵਾਲਾ ਨਾਂਗਾ ਸਾਧ ਰਹਿੰਦਾ ਸੀ। ਉਸ ਦੇ ਮਨ ਵਿਚ ਇਹ ਖ਼ਿਆਲ ਸੀ ਕਿ ਇਹ ਜੋ ਸਿੰਘ ਡੇਰੇ ਵਿਚ ਰਹਿ ਕੇ ਗੱਡੇ ਆਦਿ ਵਾਹੁੰਦੇ ਹਨ ਅਤੇ ਹੋਰ ਵਿਹਾਰ ਕਾਰ ਕਰਦੇ ਹਨ, ਇਹਨਾਂ ਵਿਚ ਕਰਾਮਾਤ ਕੋਈ ਨਹੀਂ। ਉਂਞ ਉਸਦਾ ਸਿੱਖਾਂ ਨਾਲ ਪਿਆਰ ਬੜਾ ਸੀ। ਗੁਰੂ ਹਰੀ ਸਿੰਘ ਜੀ ਅਤੇ ਮਾਤਾ ਜਿਊਣ ਕੌਰ ਜੀ ਦੇ ਦਰਸ਼ਨ ਕਰਨ ਵਾਸਤੇ ਅਕਸਰ ਆਉਂਦਾ ਰਹਿੰਦਾ ਸੀ। ਗੱਡਿਆਂ ਵਾਲੇ ਸਿੰਘਾਂ ਨਾਲ ਵੀ ਕਾਫ਼ੀ ਪ੍ਰੇਮ ਰੱਖਦਾ ਸੀ। ਜਿਹੜਾ ਕੋਈ ਸਿੰਘ ਤੱਖਰੀਂ ਜਾਂਦਾ ਉਸਨੂੰ ਜਲ ਪਾਣੀ ਛਕਾਉਂਦਾ ਸੀ ਤੇ ਬੜੀ ਸੇਵਾ ਕਰਦਾ ਸੀ। ਉਹ ਭਾਦਰੋਂ ਦੇ ਮਹੀਨੇ ਭਲਵਾਨਾਂ ਦਾ ਮੇਲਾ ਵੀ ਕਰਦਾ ਸੀ ਜਿਹਦਾ ਉਪਰ ਜ਼ਿਕਰ ਆਇਆ ਹੈ। ਇਕ ਦਿਨ ਉਹ ਗੁਰਦੁਆਰੇ ਆਇਆ ਤਾਂ ਗੱਡਿਆਂ ਵਾਲੇ ਸਿੰਘ ਗੱਡੇ ਲਾਹ ਕੇ ਡਿਉਢੀ ਵਿਚ ਬੈਠੇ ਸਨ। ਉਹ ਸਾਧ ਵੀ ਫਤੇਹ ਬੁਲਾ ਕੇ ਬਹਿ ਗਿਆ ਅਤੇ ਆਪਸ ਵਿਚ ਹੱਸਣ ਖੇਡਣ, ਮਖੌਲ ਠੱਠਾ ਕਰਨ ਲੱਗ ਪਏ। ਉਹ ਆਖਣ ਲੱਗਾ ਮੈਂ ਜਿਸ ਦਿਨ ਤੋਂ ਸਾਧ ਹੋਇਆ ਹਾਂ ਮੈਂ ਆਪਣੇ ਜਤ ਸਤ ਵਿਚ ਪੱਕਾ ਹਾਂ ਅਤੇ ਮੇਰੀ ਰਿਧੀ ਸਿੱਧੀ ਚੱਲਦੀ ਹੈ। ਮਹੰਤ ਕੌਲਾ ਸਿੰਘ ਜੀ ਨੇ ਕਿਹਾ ਕਿ ਜੇ ਅਸੀਂ ਤੈਨੂੰ ਸਤਿਗੁਰੂ ਦੀ ਕ੍ਰਿਪਾ ਨਾਲ ਮੰਜੇ ਤੇ ਲੰਮਾ ਪਾ ਕੇ, ਤੇਰੇ 'ਤੇ ਹੱਥ ਫੇਰ ਕੇ ਤੈਨੂੰ ਤਾਪ ਚੜ੍ਹਾ ਦੇਈਏ ਫਿਰ ਤੈਨੂੰ ਸਾਡਾ ਵੀ ਪਤਾ ਲੱਗ ਜਾਏਗਾ। ਸਾਧ ਪਰਖ ਕਰਨ ਲਈ ਤਿਆਰ ਹੋ ਗਿਆ। ਮੰਜੇ 'ਤੇ ਲੰਮਾ ਪਾ ਕੇ, ਉੱਤੇ ਚਾਦਰਾ ਦੇ ਕੇ ਨੱਪਣ ਲੱਗ ਪਏ। ਤਾਪ ਚੜ੍ਹ ਗਿਆ। ਅੱਠ ਪਹਿਰੀਂ ਲੱਥਾ। ਮਾਈ ਜੀ ਆ ਕੇ ਹੱਸਣ ਕਿ ਸੰਤ ਜੀ ਤੁਸੀਂ ਕਿੱਥੋਂ ਇਹਨਾਂ ਗੱਡਿਆਂ ਵਾਲਿਆਂ ਵਿਚ ਫਸ ਗਏ। ਇਹ ਬਚਨ ਉਸ ਸਾਧ ਨੇ ਬਾਦ ਵਿਚ ਇਕ ਵੇਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਸੁਣਾਇਆ ਸੀ ਅਤੇ ਮੈਂ ਪਾਸ ਬੈਠੇ ਨੇ ਸੁਣਿਆ ਸੀ।

## ਕਾਲੂ ਕੁੱਤਾ ਅਤੇ ਦੌਰਾ ਮਾਲਵੇ ਤੇ ਲਾਹੌਰ ਦਾ:

ਇਸੇ ਸਾਲ 1972 ਬਿਕ੍ਰਮੀ ਦੇ ਪੰਜ ਅੱਸੂ ਨੂੰ ਮੋਗੇ ਤੋਂ ਡਿਪਟੀ ਸਾਹਿਬ ਨੇ ਗੱਦੀ ਕੁੱਤਾ ਸਾਡੇ ਡੇਰੇ ਭੇਜਿਆ ਜਿਸ ਦਾ ਨਾਮ 'ਕਾਲੂ' ਸੀ। ਇਕ ਗੱਦੀ ਕੁੱਤੀ ਪਹਾੜਾ ਸਿੰਘ ਪਹਾੜ ਤੋਂ ਲਿਆਇਆ ਸੀ, ਉਸ ਦਾ ਨਾਮ 'ਬਘਿਆੜੀ ਰੱਖਿਆ। ਦੀਵਾਲੀ ਸਮੇਂ ਸਤਿਗੁਰੂ ਜੀ ਜਦੋਂ ਅੰਮ੍ਰਿਤਸਰ ਜਾਣ ਲਈ ਤਿਆਰ ਹੋਏ ਤਾਂ ਕਾਲੂ ਅਤੇ ਬਘਿਆੜੀ ਦੋਵੇਂ ਮੇਰੇ ਹਵਾਲੇ ਕੀਤੇ ਗਏ। ਮੈਨੂੰ ਵੀ ਦੌਰੇ ਨਾਲ ਚੱਲਣ ਦਾ ਹੁਕਮ ਕੀਤਾ। ਸਤਿਗੁਰੂ ਜੀ ਰੇਲ ਦੁਆਰਾ ਸਿੱਧੇ ਅਤੇ ਅਸੀਂ ਬਾਕੀ ਸੰਗਤ ਨਾਲ ਮੰਜ਼ਲੋ ਮੰਜ਼ਲੀ ਸ੍ਰੀ ਅੰਮ੍ਰਿਤਸਰ ਪੁੱਜ ਗਏ। ਦੀਪਮਾਲਾ ਦਾ ਮੇਲਾ ਉਥੇ ਵੇਖਿਆ ਅਤੇ ਫਿਰ ਪਹਿਲੀ ਪਾਤਸ਼ਾਹੀ ਦੇ ਅਵਤਾਰ ਪੁਰਬ ਦੇ ਮੇਲੇ ਤੇ, ਨਨਕਾਣੇ ਸਾਹਿਬ ਨੂੰ ਰੁਖ ਕੀਤਾ। ਇਹ ਮੇਲਾ ਵੀ ਬੜੀ ਧੂਮ ਧਾਮ ਨਾਲ ਵੇਖਿਆ। ਇੱਥੋਂ ਫਿਰ ਜ਼ਿਲ੍ਹਾ ਲਾਹੌਰ ਨੂੰ ਦੌਰਾ ਚਲਿਆ ਗਿਆ ਸਤਿਗੁਰੂ ਜੀ ਦੇ ਨਾਲ। ਇਹ ਜਲ੍ਹਿ ਮੁਕਾ ਕੇ ਫਿਰ ਮਾਲਵੇ ਵਿਚ ਪੁੱਜ ਗਏ। ਫੀਰੋਜ਼ਪੁਰ ਰਿਆਸਤ ਨਾਭਾ, ਪਟਿਆਲਾ ਦੀਆਂ ਸੰਗਤਾਂ ਨੂੰ ਦਰਸ਼ਨ ਦਿਤੇ। ਇਕ ਕੁੱਤਾ ਮਾਈ ਸਾਹਿਬੋ ਪੱਧਰੀ ਵਾਲੀ ਨੇ ਸਤਿਗੁਰੂ ਜੀ ਨੂੰ ਭੇਂਟ ਕੀਤਾ ਸੀ, ਭੱਜਣ ਵਾਲਾ। ਇਹ ਵੀ ਦੌਰੇ ਦੇ ਨਾਲ ਹੀ ਸੀ। ਕਾਲੂ ਕੁੱਤਾ ਰਾਤ ਨੂੰ ਇਕ ਦੋ ਵੇਰ ਊਠਾਂ ਵਾਲਿਆਂ ਦੇ ਡੇਰੇ ਵੀ ਗੇੜਾ ਮਾਰ ਆਉਂਦਾ ਸੀ ਅਤੇ ਬਘਿਆੜੀ ਜੋ ਰਾਤ ਨੂੰ ਉੱਥੇ ਹੁੰਦੀ ਸੀ, ਉਹਨੂੰ ਜਗਾ ਆਉਂਦਾ ਸੀ।

ਸਤਿਗੁਰੂ ਪ੍ਰਤਾਪ ਸਿੰਘ ਦੇ ਸਿੱਖਾਂ ਸਾਧਾਂ ਵਿਚ ਤਾਂ ਬੜੀ ਸ਼ਕਤੀ ਸੀ ਹੀ, ਉਸ ਦੇ ਕੁੱਤੇ ਵੀ ਇਹਨਾਂ ਬਰਕਤਾਂ ਤੋਂ ਵਿਰਵੇਂ ਨਹੀਂ ਸਨ। ਕਾਲੂ ਕੁੱਤਾ ਅੰਤਰਜਾਮੀ ਸੀ। ਜੇ ਕਿਤੇ ਦੌਰੇ ਵਿਚ ਸਿੱਖਾਂ ਨੇ ਕਿਸੇ ਕੁਰਹਿਤੀਏ ਪਰਿਵਾਰ ਤੋਂ ਦੁੱਧ ਲੈ ਲੈਣਾ ਕਿ ਚਲੋ ਕੁੱਤੇ ਨੂੰ ਹੀ ਤਾਂ ਪਾਉਣਾ ਹੈ, ਤਾਂ ਕਾਲੂ ਉਹ ਦੁੱਧ ਪੀਂਦਾ ਨਹੀਂ ਸੀ ਸਗੋਂ ਡੋਹਲ ਦਿੰਦਾ ਸੀ। ਸਤਿਗੁਰੂ ਪ੍ਰਤਾਪ ਸਿੰਘ ਦੇ ਦਰ ਦੇ ਕੁੱਤਿਆਂ ਵਿਚ ਵੀ ਅੰਤਰਜਾਮਤਾ ਸੀ।

ਮਾਲਵੇ ਦੇ ਇਲਾਕੇ ਦੀਆਂ ਸਾਰੀਆਂ ਸੰਗਤਾਂ ਇਸ ਦੌਰੇ ਵਿਚ ਸਤਿਗੁਰੂ ਜੀ ਦੇ ਨਾਲ ਰਹਿੰਦੀਆਂ ਸਨ। ਰੋਜ਼ ਨੂਰਾਨੀ ਦਰਸ਼ਨ ਕਰਕੇ, ਖ਼ੁਸ਼ੀਆਂ ਪ੍ਰਾਪਤ ਕਰਦੀਆਂ। ਕਿਸੇ ਕਿਸੇ ਵੱਡੇ ਨਗਰ ਵਿਚ ਦੋ-ਦੋ, ਚਾਰ-ਚਾਰ ਦਿਨ ਤੇ ਕਿਤੇ ਇਕ ਦਿਨ ਦੌਰਾ ਰੁਕਦਾ ਸੀ। ਇਸ ਤਰ੍ਹਾਂ ਦੌਰੇ ਵਿਚ ਹੀ, ਮੁਕਤਸਰ ਮਾਘੀ ਦਾ ਮੇਲਾ ਜਾ ਮਨਾਇਆ। ਫਿਰ ਨਥਾਣੇ, ਭਦੌੜ, ਮਾਈਸਰ ਖ਼ਾਨੇ ਆਦਿ ਨਗਰਾਂ ਦਾ ਦੌਰਾ ਕਰਕੇ ਸਤਿਗੁਰੂ ਜੀ ਅਬਲੂ ਥਾਣੀਂ ਹੋ ਕੇ ਕਰਾਈਵਾਲੇ ਪਹੁੰਚੇ। ਇੱਥੋਂ ਮਲੋਟ ਮੰਡੀ, ਅਬੁਲ ਖਰਾਣੇ ਦੀ ਸੰਗਤ ਨੂੰ ਨਿਹਾਲ ਕਰਕੇ, ਵੱਡ ਤੀਰਥ ਦੀ ਯਾਤਰਾ ਕਰਕੇ, ਸਤਿਗੁਰੂ ਜੀ ਸਹੁਰਾ ਪਰਿਵਾਰ ਨੂੰ ਦਰਸ਼ਨ ਦੇਣ ਲਈ ਗੁਰੂਸਰ ਪੁੱਜ ਗਏ। ਸੂਬੇ ਮੀਹਾਂ ਸਿੰਘ ਹੋਰਾਂ ਸੰਗਤਾਂ ਦੀ ਜਲੇਬੀਆਂ ਦੇ ਲੰਗਰ ਨਾਲ ਖ਼ੁਸ਼ੀ ਪ੍ਰਾਪਤ ਕੀਤੀ। ਦੋ ਦਿਨ ਸਤਿਗੁਰੂ ਜੀ ਇਥੇ ਟਿਕੇ। ਇੱਥੋਂ ਰਿਆਸਤ ਬਹਾਵਲਪੁਰ ਦਾ ਦੌਰਾ ਸ਼ੁਰੂ ਕੀਤਾ।

**ਚਲਦਾ.....**

# Walking with pride:
# a journey of namdhariSikh in university



**Jagat Singh Namdhari**
**9625099297**

The journey began on a crisp January morning in 2022, the first day of my university life. Just a week prior, I had embarked on the path of pursuing a Bachelor's in Technology, a decision that set the course for my academic future. But this day was different, not just because it marked the beginning of a new chapter, but because it symbolized a shift from the familiar routine of donning a school uniform to something entirely new. As a Namdhari Sikh, I've always been meticulous about my attire. That morning, I carefully ensured that not a single blue or black thread marred my outfit, a subtle but significant nod to my beliefs. Yet, even though it wasn't Namdhari Bana, it still felt different from the uniform I had worn for years.

The day unfolded as expected; I attended all my classes, blending into the rhythm of university life. But beneath the surface, my enthusiasm and love for culture simmered, guiding me to join the most famous music club on campus. Music had always been my sanctuary, especially Indian classical vocal music and the sitar, the instrument that felt like an extension of my soul. The club head, recognizing my passion, urged me to perform at an upcoming event. I accepted the challenge, diving into preparation with unwavering focus.

As the event approached, the question of attire lingered. The other performers were set to wear their ethnic clothes, a celebration of their heritage. My performance was a solo act, leaving the choice of attire entirely up to me. I turned to my mother for advice, and she suggested I wear the Namdhari Kurta Pajama—a symbol of my identity and roots.

Fast fashion might be the darling of the clothing industry, but its true cost is hidden beneath the surface. Every pair of jeans consumes 11,000 liters of water, a staggering waste of resources. Polyester and other synthetic fibers, born from petroleum, poison our environment. In contrast, the simple, white Kurta Pajama stands as a beacon of sustainability, reflecting sunlight and keeping the body cool. By embracing our local ethnic clothes, we not only honor our heritage but also protect our environment and strengthen our economy, pushing back against the tide of foreign brands.

On the day of my performance, as I tuned my sitar, a storm of thoughts swirled in my mind. What would my friends and mentors think? This was the first time I would wear Namdhari Bana to university, and the anticipation was a mix of excitement and anxiety. As I walked into the university, I could feel eyes on me, each gaze a silent question. My heart raced, but then a friend approached, a smile spreading across his face. “Brother, you

look stunning," he said, and a wave of relief washed over me. The true surprise came when I entered the auditorium. I caught a glimpse of someone murmuring "wow" under their breath, a single word that echoed in my mind.

When my performance ended, the applause felt like it lasted an eternity. It was as if the universe itself was acknowledging not just my music but my decision to embrace my identity. As I left the auditorium, friends waited to congratulate me, their words a chorus of appreciation. From that day on, I decided to wear Namdhari Bana for a few more weeks, a small but significant step towards embracing my heritage.

But college life is a mosaic of moments, some uplifting and others less so. A few days later, as I sat in the library, a boy from Morocco approached me. "Wow, you look like a Hindu god," he said with a smile, and I smiled back, amused by the cultural layers that our clothes can convey. My best friend later confessed that when he first saw me, he thought I was a Sheikh, someone from an ultra-rich background, perhaps even an international student. These moments dotted my college life, each one a reminder of how appearances shape perceptions. I also recall the time a teacher asked me about my culture and religion. As I explained the principles of Namdhari Sikhism, I could see her eyes light up with interest and admiration. It was a proud moment, one where I felt like an ambassador of my heritage.

Yet, not all responses were as encouraging. One day, I overheard a voice from the back of the classroom, a whisper laced with judgment. "He probably doesn't have many clothes, that's why he wears the same thing every day." I knew that many students likely thought the same, their minds too narrow to see the richness of my choice. But it didn't matter to me. Their whispers were like the wind, passing by without leaving a mark. I never wavered in wearing Namdhari Bana, for it was more than just clothing—it was a reflection of my identity, my beliefs, and my unwavering pride in who I am.

Embracing cultural attire is more than a mere fashion choice; it's a declaration of identity, a bridge to our roots, and a stand against the fast-paced, disposable culture that dominates the world. Wearing my Namdhari Bana wasn't just about following tradition—it was about embodying the values that have shaped me. But change, especially one that goes against the grain, is never easy. Stepping into the university each day in my traditional attire was a test of resolve. The whispers, the curious stares, and the misconceptions were constant reminders of how difficult it is to swim against the current. Yet, these challenges only strengthened my commitment.

In a world that often prioritizes conformity, making a conscious choice to embrace cultural clothes is an act of quiet rebellion. It teaches us the importance of staying true to ourselves, even when the world pushes us to blend in. Change, especially one rooted in tradition and sustainability, can inspire others to look beyond the surface and appreciate the richness of our heritage. It's a journey that requires courage, but one that ultimately leads to a deeper understanding of who we are and the impact we can have on the world by staying rooted in our beliefs, no matter the challenges.

# ਖ਼ਬਰਨਾਮਾ

## ਸ੍ਰੀ ਸਤਿਗੁਰੂ ਜੀ ਕੈਨੇਡਾ ਦੌਰੇ ਦੌਰਾਨ ਐਡਮਿੰਟਨ ਸ਼ਹਿਰ ਵਿਖੇ ਦਰਸ਼ਨ ਦਿੱਤਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖ਼ਸ਼ਿਸ਼ ਨਾਲ ਆਰੰਭ ਹੋਇਆ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਕੈਨੇਡਾ ਦੌਰਾ ਲੜ੍ਹੀ ਵਾਰ ਇਕ ਤੋਂ ਦੂਸਰੇ ਅਤੇ ਦੂਸਰੇ ਤੋਂ ਤੀਸਰੇ ਸ਼ਹਿਰ ਹੁੰਦੇ ਹੋਏ ਸੈਸਕਾਟੂਨ ਸ਼ਹਿਰ ਤੋਂ ਐਡਮਿੰਟਨ ਸ਼ਹਿਰ ਲਈ ਸੜਕੀ ਰਸਤੇ ਰਵਾਨਾ ਹੋਏ ਤਾਂ ਦੇਰ ਰਾਤ ਤੱਕ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸਮੇਤ ਮਾਤਾ ਗੁਰਸ਼ਰਨ ਕੌਰ ਜੀ **ਮਿਤੀ 10 ਜੁਲਾਈ 2024 ਦਿਨ ਬੁੱਧਵਾਰ** ਰਾਤ ਹਨੇਰਾ ਹੋਣ ਤੱਕ ਐਡਮਿੰਟਨ ਸ਼ਹਿਰ ਵਿਖੇ ਆਣ ਪਧਾਰੇ ਸ. ਗੁਰਮੀਤ ਸਿੰਘ ਮਠਾੜੂ ਪੁੱਤਰ ਸ. ਮੇਲਾ ਸਿੰਘ ਦੇ ਗ੍ਰਹਿ ਵਿਖੇ ਆਣ ਡੇਰਾ ਕਰ ਰਾਤ ਵਿਸ਼ਰਾਮ ਕੀਤਾ।

**ਮਿਤੀ 11 ਜੁਲਾਈ 2024 ਦਿਨ ਵੀਰਵਾਰ–** ਐਡਮਿੰਟਨ ਸ਼ਹਿਰ ਵਿਖੇ ਬਣੇ ਹੋਏ ਨਿਰੰਕਾਰੀ ਸਤਿਸੰਗ ਭਵਨ ਦੇ ਸੁੰਦਰ ਹਾਲ ਵਿੱਚ ਸ੍ਰੀ ਸਤਿਗੁਰੂ ਜੀ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਕ੍ਰਿਪਾਲ ਸਿੰਘ ਪਾਲੀ, ਗੁਰਸ਼ਰਨ ਸਿੰਘ ਨੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕੀਤਾ। ਨਿਰੰਕਾਰੀ ਭਵਨ ਦੀ ਸਮੁੱਚੀ ਪ੍ਰਬੰਧਕੀ ਕਮੇਟੀ ਵੱਲੋਂ ਸ੍ਰੀ ਸਤਿਗੁਰੂ ਜੀ ਦਾ ਫੁੱਲਾਂ ਦੇ ਗੁਲਦਸਤਿਆਂ ਨਾਲ ਸਵਾਗਤ ਕੀਤਾ ਗਿਆ। ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕੀਤੀ। ਪ੍ਰੋਗਰਾਮ ਦੀ ਸਮਾਪਤੀ ਬਾਅਦ ਸ੍ਰੀ ਸਤਿਗੁਰੂ ਜੀ ਨੇ ਆਪਣੇ ਡੇਰੇ ਮਕਾਨ ਨੰ. 3676 ਆਣ ਪ੍ਰਸ਼ਾਦ ਪਾਣੀ ਛਕਣ ਉਪਰੰਤ ਵਿਸ਼ਰਾਮ ਕੀਤਾ।

ਅੱਜ ਸ੍ਰੀ ਸਤਿਗੁਰੂ ਜੀ ਕੁਝ ਘਰਾਂ ਵਿੱਚ ਚਰਨ ਪਾਉਣ ਦੀ ਕ੍ਰਿਪਾ ਕੀਤੀ- ਹਰਜਿੰਦਰ ਸਿੰਘ ਪੁੱਤਰ ਇੰਦਰਜੀਤ ਸਿੰਘ ਫਿਲੌਰ ਕਿਚਨ ਕੈਬਨਿਟ, ਬਲਕਰਨ ਸਿੰਘ ਪੁੱਤਰ ਹਰਦੀਪ ਸਿੰਘ ਬਾਜੇਵਾਲੇ, ਸ. ਨਿਰਮਲ ਸਿੰਘ ਨਾਨੂੰ ਪੁੱਤਰ ਸ. ਗੁਰਦੇਵ ਸਿੰਘ ਨੰਬਰਦਾਰ ਅਮਰਾਸਰ, ਸ. ਕਰਨ ਸਿੰਘ ਪੁੱਤਰ ਬਲਵਿੰਦਰ ਸਿੰਘ ਪਨਿਹਾਰੀ, ਸ. ਨਵਦੀਪ ਸਿੰਘ ਪੁੱਤਰ ਕੁਲਵੰਤ ਸਿੰਘ ਦਿੱਲੀ ਵਾਲੇ, ਸ. ਪਰਦੀਪ ਸਿੰਘ ਪੁੱਤਰ ਲਖਬੀਰ ਸਿੰਘ ਦਮਦਮਾਂ, ਸ. ਗੁਰਲਾਲ ਸਿੰਘ ਪੁੱਤਰ ਇੰਦਰਜੀਤ ਸਿੰਘ ਤਲਵਾੜਾ, ਸ. ਹਰਗੋਬਿੰਦ ਸਿੰਘ ਪੁੱਤਰ ਗੁਰਦੇਵ ਸਿੰਘ ਪ੍ਰਤਾਪ ਨਗਰ, ਸ. ਜੈ ਸਿੰਘ ਪੁੱਤਰ ਜਸਵੀਰ ਸਿੰਘ ਭੁਲੱਥ, ਸ. ਲਖਵੀਰ ਸਿੰਘ ਪੁੱਤਰ ਹਰਮਿੰਦਰ ਸਿੰਘ ਜਲੰਧਰ, ਸ. ਗੁਰਪ੍ਰੀਤ ਸਿੰਘ ਪੁੱਤਰ ਇੰਦਰ ਸਿੰਘ ਮਠਾੜੂ ਸਾਹਨੇਵਾਲ, ਸ. ਬਲਵਿੰਦਰ ਸਿੰਘ ਪੁੱਤਰ ਰਨਜੀਤ ਸਿੰਘ, ਸ. ਅਵਤਾਰ ਸਿੰਘ ਪੁੱਤਰ ਸੰਤੋਖ ਸਿੰਘ ਗਿੱਲ ਸੰਤ ਨਗਰ, ਸ. ਕਵਲਜੀਤ ਸਿੰਘ ਪੁੱਤਰ ਬਲਬੀਰ ਸਿੰਘ ਬੈਂਕਵਾਲੇ ਲੁਧਿਆਣਾ, ਸ. ਹਰਵਿੰਦਰ ਸਿੰਘ ਪੁੱਤਰ ਮੇਲਾ ਸਿੰਘ ਜੱਬਲਪੁਰ, ਸ. ਗੁਰਤੇਜ ਸਿੰਘ ਪੁੱਤਰ ਮਾਸਟਰ ਗੋਬਿੰਦ ਸਿੰਘ ਜਗਜੀਤ ਨਗਰ, ਸ. ਗੁਰਮੇਲ ਸਿੰਘ ਪੁੱਤਰ ਬੁੱਧ ਸਿੰਘ ਦਮਦਮਾਂ ਘਰਾਂ ਵਿੱਚ ਚਰਨ ਪਾਉਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਡੇਰੇ ਆਣ ਵਿਸ਼ਰਾਮ ਕੀਤਾ।

ਅੱਜ ਸ਼ਾਮ ਦਾ ਪ੍ਰੋਗਰਾਮ ਨਿਰੰਕਾਰੀ ਸੰਤਿਸੰਗ ਭਵਨ ਵਿਖੇ ਸ਼ਾਮ ਨੂੰ 6 ਤੋਂ 8 ਵਜੇ ਤੱਕ ਹੋਇਆ। ਨਾਮ ਸਿਮਰਨ ਉਪਰੰਤ ਜ. ਗੁਰਲਾਲ ਸਿੰਘ ਜੀ ਸ੍ਰੀ ਭੈਣੀ ਸਾਹਿਬ ਨੇ ਹੱਲੇ ਦਾ ਦੀਵਾਨ ਸਜਾਇਆ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਪਵਿੱਤਰ ਉਪਦੇਸ਼ ਦੀ ਕਿਰਪਾ ਕਰਦੇ ਹੋਏ ਹੁਕਮ ਕੀਤਾ ਕਿ ਗੁਰਬਾਣੀ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫ਼ਰਮਾਨ ਹੈ 'ਐਸਾ ਜਗੁ ਦੇਖਿਆ ਜੁਆਰੀ' ਸ੍ਰੀ ਸਤਿਗੁਰੂ ਜੀ ਨੇ ਗੁਰ ਸਿੱਖੀ ਧਾਰਨ ਕਰਨ ਅਤੇ ਸਿੱਖੀ ਨਾਲ ਜੁੜਨ ਦਾ ਹੁਕਮ ਕੀਤਾ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ. ਗਿਆਨ ਸਿੰਘ ਪੁੱਤਰ ਸ. ਸਤਨਾਮ ਸਿੰਘ ਅਤੇ ਸ. ਪ੍ਰਿਤਪਾਲ ਸਿੰਘ ਸੋਨੂੰ ਪੁੱਤਰ ਸ. ਇੰਦਰਜੀਤ ਸਿੰਘ ਫਗਵਾੜਾ ਦੇ ਘਰ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ।

**ਮਿਤੀ 12 ਜੁਲਾਈ 2024 ਦਿਨ ਸ਼ੁੱਕਰਵਾਰ:** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਜਥੇ ਵਲੋਂ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕੀਤਾ ਗਿਆ। ਪ੍ਰੋਗਰਾਮ ਦੀ ਸਮਾਪਤੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਨਿਰੰਕਾਰੀ ਸੰਤਿਸੰਗ ਭਵਨ ਦੇ ਸਮੁੱਚੇ ਮੈਬਰਾਂ ਨੂੰ ਮਾਲਾ ਪਹਿਨਾ ਕੇ ਆਪਣਾ ਅਸ਼ੀਰਵਾਦ ਦਿੱਤਾ। ਸਭਨਾ ਨੇ ਸਿਰ ਝੁਕਾ ਕੇ ਸ੍ਰੀ ਸਤਿਗੁਰੂ ਜੀ ਦਾ ਧੰਨਵਾਦ ਕੀਤਾ। ਏਥੋਂ ਹੀ ਸ੍ਰੀ ਸਤਿਗੁਰੂ ਜੀ ਨੇ ਹਾਪੜ ਵਾਲੇ ਸਾਧੂ ਭੁਪਿੰਦਰ ਸਿੰਘ ਜੋ ਕਿ ਤਖਤ ਹਜ਼ੂਰ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਮੈਂਬਰ ਰਹੇ ਹਨ ਅਤੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਥਾਪੜਾ ਜਿਨ੍ਹਾਂ ਦੇ ਵੱਡੇ–

ਵਡੇਰਿਆਂ ਨੂੰ ਮਿਲਿਆ। ਬਾਬੇ ਸੰਗਤੇ ਦੀ ਚੱਲੀ ਆਉਂਦੀ ਪੀੜ੍ਹੀ ਵਿਚੋਂ ਜੋ ਉਸ ਗੱਦੀ ਤੇ ਸੁਭਾਇਮਾਨ ਹਨ। ਸਤਿਕਾਰ ਯੋਗ ਸ੍ਰੀ ਰਤਨ ਸਾਹ ਜੀ ਨਾਲ ਵੀ ਵੀਡੀਓ ਕਾਲ ਰਾਹੀਂ ਗੱਲਬਾਤ ਸ੍ਰੀ ਸਤਿਗੁਰੂ ਜੀ ਨਾਲ ਕਰਵਾਈ ਗਈ। ਉਹਨਾਂ ਨੇ ਬੜੇ ਪਿਆਰ ਭਰੇ ਸ਼ਬਦਾਂ ਵਿੱਚ ਆਖਿਆ ਕਿ ਅੱਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨਾਂ ਵਾਲੀ ਤਮੰਨਾ ਪੂਰੀ ਹੋ ਗਈ ਹੈ। ਇਹ ਪਿਆਰ ਭਰੀ ਵਾਰਤਾਲਾਪ ਹੋਈ। ਸ੍ਰੀ ਸਤਿਗੁਰੂ ਜੀ ਡੇਰੇ ਆਣ ਪ੍ਰਸ਼ਾਦ ਪਾਣੀ ਛਕਣ ਉਪਰੰਤ ਕਮਰ ਕੱਸੇ ਕਰਕੇ ਦੌਰੇ ਦੇ ਅਗਲੇ ਪੜਾ ਲਈ ਗੱਡੀਆਂ ਵਿੱਚ ਬੈਠ ਕੇ ਕੈਲਗਿਰੀ ਸ਼ਹਿਰ ਵੱਲ ਰੁੱਖ ਕੀਤਾ ਅਤੇ ਐਡਮਿੰਟਨ ਦੀ ਸਾਧ ਸੰਗਤ ਨੂੰ ਭਰਪੂਰ ਖੁਸ਼ੀਆਂ ਸ੍ਰੀ ਸਤਿਗੁਰੂ ਜੀ ਨੇ ਬਖ਼ਸ਼ੀਆਂ।

**ਸੂਬਾ ਬਲਵਿੰਦਰ ਸਿੰਘ ਝੱਲ**

.........................................................

## ਸ੍ਰੀ ਸਤਿਗੁਰੂ ਜੀ ਦੇ ਸ਼ਹਿਰ ਕੈਲਗਿਰੀ (ਕੈਨੇਡਾ) ਵਿਖੇ ਦਰਸ਼ਨ

ਕੈਨੇਡਾ ਦੀ ਧਰਤੀ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵੱਖ-ਵੱਖ ਇਲਾਕਿਆਂ ਦਾ ਦੌਰਾ ਕਰਦੇ ਹੋਏ ਅਤੇ ਸਾਧ ਸੰਗਤ ਨੂੰ ਨਿਵਾਜ਼ਦੇ ਹੋਏ ਐਡਮਿੰਟਨ ਸ਼ਹਿਰ ਦੀ ਸੰਗਤ ਤੋਂ ਵਿਦਾ ਹੋ ਕੇ **ਮਿਤੀ 13 ਜੁਲਾਈ 2024 ਦਿਨ ਸ਼ਨੀਵਾਰ** ਨੂੰ ਕੈਲਗਿਰੀ ਦੀ ਸਾਧ ਸੰਗਤ ਨੂੰ ਦਰਸ਼ਨ ਦੇਣ ਲਈ ਰਵਾਨਾ ਹੋਏ। ਤਕਰੀਬਨ 1 ਘੰਟੇ ਦੇ ਸਫ਼ਰ ਨੂੰ ਤਹਿ ਕਰਕੇ ਰਸਤੇ ਵਿੱਚ ਪੈਂਦੇ ਸ਼ਹਿਰ ਰੈਡ, ਡੀਅਰ ਵਿਖੇ ਸ. ਗੁਰਨਾਮ ਸਿੰਘ ਪੁੱਤਰ ਸ. ਗੁਰਦਿਆਲ ਸਿੰਘ ਬੰਗਲੌਰ ਵਰਨੀਵਾਲੇ ਦੇ ਗ੍ਰਹਿ ਵਿਖੇ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ।

ਏਥੋ ਹੀ ਚੱਲ ਕੇ ਸ੍ਰੀ ਸਤਿਗੁਰੂ ਜੀ ਕੈਲਗਿਰੀ ਵੱਲ ਆਣ ਪਧਾਰੇ ਅਤੇ ਕੈਲਗਿਰੀ ਵਿਖੇ ਸਭ ਤੋਂ ਪਹਿਲਾਂ ਸ. ਸਰਬਜੋਤ ਸਿੰਘ ਭੰਮਰਾ, ਸ. ਹੀਰਾ ਸਿੰਘ ਕੰਗ, ਸਵਿੰਦਰ ਸਿੰਘ ਪੁੱਤਰ ਗੁਰਮੰਗਤ ਸਿੰਘ, ਸ਼ੇਰ ਸਿੰਘ ਪੁੱਤਰ ਗੁਰਦਿਆਲ ਸਿੰਘ, ਨਿਸ਼ਾਨ ਸਿੰਘ ਪੁੱਤਰ ਕਾਲਾ ਸਿੰਘ, ਸ. ਅਮਰਜੀਤ ਸਿੰਘ ਫਗਵਾੜੇ ਵਾਲੇ, ਹਰਨਾਮ ਸਿੰਘ, ਸ. ਆਸਾ ਸਿੰਘ ਪਨੇਸਰ ਪੁੱਤਰ ਅਮੋਲਕ ਸਿੰਘ, ਹਰਨਾਮ ਸਿੰਘ ਪੁੱਤਰ ਗੁਰਦੇਵ ਸਿੰਘ ਏਥੇ ਹੀ ਕਾਕਾ ਹਰਦਿੱਤ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਜੀ ਨੇ ਦਸਤਾਰ ਸਜਾਈ, ਸ. ਹਰਜੀਤ ਸਿੰਘ ਸਰਭ ਅਕਾਲ ਸੁਸਾਇਟੀ ਨਾਮ ਸੰਗੀਤ ਬਾਰੇ ਵਿਚਾਰ ਵਿਟਾਂਦਰਾ ਹੋਇਆ। ਸ. ਅਮਰੀਕ ਸਿੰਘ ਪੁੱਤਰ ਪਿਆਰਾ ਸਿੰਘ ਦੋਲਤਪੁਰ ਘਰਾਂ ਵਿੱਚ ਦਰਸ਼ਨ ਦੇਣ ਅਤੇ ਸੰਗਤ ਨੂੰ ਅਥਾਹ ਪਿਆਰ ਭਰੀਆ ਖੁਸ਼ੀਆਂ ਬਖਸ਼ਣ ਉਪਰੰਤ ਸ੍ਰੀ ਸਤਿਗੁਰੂ ਜੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿਵਾਜੇ ਹੋਏ ਸਿੱਖ ਸ. ਜਸਪਿੰਦਰ ਸਿੰਘ ਨਿਓਟਾ ਦੇ ਗ੍ਰਹਿ ਵਿਖੇ ਆਣ ਜਲਪਾਣੀ ਛਕਿਆ। ਕੁਝ ਸਮਾਂ ਰੁਕਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਕੈਲਗਿਰੀ ਦੇ ਹਿੰਦੂ ਸੁਸਾਇਟੀ ਮੰਦਰ ਵਿੱਚ ਹੋ ਰਹੇ ਸ਼ਾਮ ਦੇ ਸਮਾਗਮ ਵਿੱਚ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਜ. ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਹੱਲੇ ਦਾ ਦੀਵਾਨ ਸਜਾਇਆ।

ਅੱਜ ਦਾ ਸਮਾਗਮ ਸ. ਜਸਪਿੰਦਰ ਸਿੰਘ ਨਿਓਟਾ ਦੀ ਧਰਮ ਪਤਨੀ ਬੀਬੀ ਮਹਿੰਦਰ ਕੌਰ ਰਾਣੋ ਦੀ ਯਾਦ ਵਿੱਚ ਸੀ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਵਿੱਤਰ ਗੁਰਬਾਣੀ ਦੇ 3 ਪਾਠਾਂ ਦੇ ਭੋਗ ਪਾਏ ਗਏ। 1 ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ, 1 ਪਾਠ ਸ੍ਰੀ ਸਤਿਗੁਰੂ ਜੀ ਦੇ ਕੈਲਗਿਰੀ ਵਿਖੇ ਦਰਸ਼ਨ ਦੇਣ ਦੀ ਖੁਸ਼ੀ ਵਿੱਚ, 1 ਪਾਠ ਬੀਬੀ ਮਹਿੰਦਰ ਕੌਰ ਰਾਣੋ ਨਮਿਤ ਵਰ੍ਹੀਨੇ ਦਾ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ, ਹਜ਼ੂਰੀ ਰਾਗੀ ਜਥੇ ਵਲੋਂ ਸ਼ਾਮ ਦਾ ਕੀਰਤਨ ਕੀਤਾ ਗਿਆ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਵੱਸਣ ਸਿੰਘ ਪੁੱਤਰ ਵਰਿੰਦਰਪਾਲ ਸਿੰਘ, ਜਸਵਿੰਦਰ ਸਿੰਘ ਪੁੱਤਰ ਸਮਿੱਤਰ ਸਿੰਘ, ਗੁਰਬਚਨ ਸਿੰਘ ਪੁੱਤਰ ਜ. ਦਰਸ਼ਨ ਸਿੰਘ, ਦਿਲਬਾਗ ਸਿੰਘ ਪੁੱਤਰ ਸ. ਪ੍ਰਿਥੀ ਸਿੰਘ ਚੀਕੇ ਤੋਂ ਅਤੇ ਭਵਰਾਜ ਸਿੰਘ ਮਾਝਾਂ ਫਾਰਮ ਦੇ ਗਰਾਜ ਵਿੱਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਰਾਤ ਸ. ਜਸਪਿੰਦਰ ਸਿੰਘ ਨਿਓਟਾ ਜੀ ਗ੍ਰਹਿ ਵਿਖੇ ਡੇਰੇ ਆਣ ਵਿਸ਼ਰਾਮ ਕੀਤਾ।

**ਮਿਤੀ 14 ਜੁਲਾਈ 2024 ਦਿਨ ਐਤਵਾਰ-** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਕ੍ਰਿਪਾਲ ਸਿੰਘ ਅਤੇ ਡਾ. ਹਰਮਿੰਦਰ ਸਿੰਘ ਨੇ ਹਿੰਦੂ ਸੁਸਾਇਟੀ ਕੈਲਗਿਰੀ ਦੇ ਮੰਦਰ ਵਿੱਚ ਕੀਤਾ। ਸਮਾਪਤੀ ਉਪਰੰਤ ਕਾਕਾ ਆਸਾ ਸਿੰਘ ਨੇ ਮਾਤਾ ਚੰਦ ਕੌਰ ਜੀ ਦੀ ਯਾਦ ਵਿੱਚ ਕਵਿਤਾ ਪੜ੍ਹੀ। ਲਵਪ੍ਰੀਤ ਸਿੰਘ ਪੁੱਤਰ ਸੂਬਾ ਬਲਵਿੰਦਰ ਸਿੰਘ ਝੱਲ ਨੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਤੇ ਧੰਨਵਾਦੀ ਸ਼ਬਦ ਆਖੇ ਅਤੇ ਅੱਜ ਸੰਗਤ ਦੇ ਸ੍ਰੀ ਸਤਿਗੁਰੂ ਜੀ ਦੇ ਨਾਲ ਬੈਠ ਦੇ ਰਮਨੀਕ ਅਤੇ ਸੁੰਦਰ ਇਲਾਕੇ ਦੀ ਸੈਰ ਤੇ ਜਾਣ ਦਾ ਪ੍ਰੋਗਰਾਮ ਸੰਗਤ ਵਿੱਚ ਅਨਾਉਂਸ

ਕੀਤਾ। ਸ. ਦਰਸ਼ਨ ਸਿੰਘ ਨੇ ਵੀ ਸ੍ਰੀ ਸਤਿਗੁਰੂ ਜੀ ਨੂੰ ਜੀ ਆਇਆ ਆਖਿਆ। ਪ੍ਰੋਗਰਾਮ ਦੀ ਸਮਾਪਤੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ ਅਤੇ ਸ. ਜਸਪਿੰਦਰ ਸਿੰਘ ਦੀ ਅਗਵਾਈ ਵਿੱਚ ਸੇਵਾ ਕਰਨ ਵਾਲੇ ਸਾਰੇ ਨੌਜਵਾਨਾਂ ਨੂੰ ਸ੍ਰੀ ਸਤਿਗੁਰੂ ਜੀ ਢੇਰ ਖੁਸ਼ੀਆਂ ਬਖ਼ਸ਼ੀਆਂ। ਪ੍ਰਸ਼ਾਦ ਪਾਣੀ ਛੱਕਣ ਉਪਰੰਤ ਪ੍ਰਬੰਧਕਾਂ ਵੱਲੋਂ ਸੰਗਤ ਲਈ ਬੱਸਾਂ ਦਾ ਪ੍ਰਬੰਧ ਕੀਤਾ ਹੋਇਆ ਸੀ ਅਤੇ ਕੁਝ ਸਰੀਰ ਆਪੋ-ਆਪਣੀਆਂ ਗੱਡੀਆਂ ਵਿੱਚ ਸਵਾਰ ਹੋ ਕੇ ਕੁਦਰਤ ਇਸ ਅਦਭੁੱਤ ਨਜਾਰੇ ਨੂੰ ਵੇਖਣ ਅਤੇ ਆਪੋ-ਅਪਾਣੇ ਮੁਬਾਇਲ ਕੈਮਰਿਆਂ ਵਿੱਚ ਤਸਵੀਰਾਂ ਰਾਹੀ ਸਾਂਭਣ ਲਈ ਤਿਆਰ ਸਨ। 2 ਤੋਂ 3 ਘੰਟਿਆਂ ਦਾ ਸਫ਼ਰ ਤਹਿ ਕਰਕੇ ਸਾਰੀ ਹੀ ਸੰਗਤ ਸਮੇਂ ਸ੍ਰੀ ਸਤਿਗੁਰੂ ਜੀ ਬੈਂਫ਼ ਪਹੁੰਚੇ ਜਿਥੇ ਪਹਾੜਾਂ ਦੀ ਗੋਂਦ ਵਿੱਚ ਵਗਦੇ ਸਵੱਛ ਪਾਣੀ ਦੇ ਝਰਨੇ ਕੁਦਰਤ ਦੇ ਬਹੁਤ ਨੇੜੇ ਹੋਣ ਦਾ ਅਹਿਸਾਸ ਕਰਵਾ ਰਹੇ ਸਨ। ਸ੍ਰੀ ਸਤਿਗੁਰੂ ਜੀ ਅਤੇ ਪੂਜਨੀਕ ਮਾਤਾ ਜੀ ਦੇ ਨਾਲ ਆਪਣੀ ਜਿੰਦਗੀ ਦੇ ਬਤਾਏ ਹੋਏ ਪਲਾਂ ਨੂੰ ਹਰ ਇਕ ਮਾਈ ਭਾਈ ਆਪਨੇ ਜੀਵਨ ਦਾ ਅਨਮੋਲ ਯਾਦਗਾਰੀ ਖਜਾਨਾ ਸਮਝ ਰਿਹਾ ਸੀ। ਕਾਫ਼ੀ ਲੰਬਾ ਸਮਾਂ ਇਸ ਕੁਦਰਤੀ ਨਜ਼ਾਰੇ ਦਾ ਅਨੰਦ ਮਾਣ ਕੇ ਪ੍ਰਬੰਧਕਾਂ ਵਲੋਂ ਛੋਲੇ-ਭਟੂਰਿਆਂ ਦੇ ਲੰਗਰ ਦੇ ਕੀਤੇ ਪ੍ਰਬੰਧ ਦਾ ਹਰ ਇਕ ਨੂੰ ਭਰਭੂਰ ਅਨੰਦ ਮਾਣਿਆਂ ਅਤੇ ਛਕਿਆਂ ਛਕਾਇਆਂ ਗਿਆ ਸਭ ਨੂੰ ਏਥੋਂ ਹੀ ਵਾਪਸ ਆਣ ਕੇ ਸ੍ਰੀ ਸਤਿਗੁਰੂ ਜੀ ਸ. ਹਰਪ੍ਰੀਤ ਸਿੰਘ ਨਾਗਰਾ ਪੁੱਤਰ ਸ. ਗੁਰਦਿਆਲ ਸਿੰਘ ਦੇ ਗ੍ਰਹਿ ਵਿਖੇ ਜਲਪਾਣੀ ਛਕਿਆ। ਏਥੋਂ ਹੀ ਇਲਾਕਾ ਚੈਸਟਪੇਅਰ ਇਲਾਕੇ ਦੀ ਕੌਂਸਲਰ ਬੀਬੀ ਗੁਰਕਿਰਨ ਕੌਰ ਰੰਧਾਵਾ ਪਤਨੀ ਸ. ਅਮਨਦੀਪ ਸਿੰਘ ਰੰਧਾਵਾ ਸਮੇਤ ਪਰਿਵਾਰ ਸ੍ਰੀ ਸਤਿਗੁਰੂ ਜੀ ਦਰਸ਼ਨ ਕਰਨ ਵਾਸਤੇ ਹਰਪ੍ਰੀਤ ਸਿੰਘ ਨਾਗਰਾ ਦੇ ਗ੍ਰਹਿ ਵਿਖੇ ਆਏ। ਸ੍ਰੀ ਸਤਿਗੁਰੂ ਜੀ ਨੇ ਇਲਾਕੇ ਦੀਆਂ ਸੁਖ-ਸੁਵਿਧਾਵਾਂ ਅਤੇ ਆਉਂਦੀਆਂ ਮੁਸ਼ਕਲਾਂ ਬਾਰੇ ਵਿਚਾਰ ਵਿਟਾਦਰਾ ਕੀਤਾ। ਏਥੋਂ ਹੀ ਆਪਣੇ ਡੇਰੇ ਆਣ ਸ੍ਰੀ ਸਤਿਗੁਰੂ ਜੀ ਨੇ ਰਾਤ ਸ. ਜਸਪਿੰਦਰ ਸਿੰਘ ਦੇ ਗ੍ਰਹਿ ਵਿਖੇ ਆਣ ਵਿਸ਼ਰਾਮ ਕੀਤਾ।

ਮਿਤੀ 15 ਜੁਲਾਈ 2024 ਦਿਨ ਸੋਮਵਾਰ- ਅੱਜ ਸ੍ਰੀ ਸਤਿਗੁਰੂ ਜੀ ਦੇ ਕੈਨੇਡਾ ਦੌਰੇ ਦਾ ਅਗਲਾ ਪੜਾ ਆਰੰਭ ਹੋਣਾ ਸੀ। ਅੱਜ ਕੈਲਗਿਰੀ ਵਿਖੇ ਹੀ ਸ. ਜਸਵਿੰਦਰ ਸਿੰਘ ਦੇ ਗ੍ਰਹਿ ਵਿਖੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਪਾਠ ਕੀਤਾ ਗਿਆ। ਜਲ-ਪਾਣੀ ਛਕਣ ਉਪਰੰਤ ਨੌਜਵਾਨਾਂ ਨਾਲ ਸ੍ਰੀ ਸਤਿਗੁਰੂ ਜੀ ਉਚੇਚਾ ਸਮਾਂ ਬਿਤਾਇਆਂ ਅਤੇ ਕੈਲਗਿਰੀ ਦੇ ਸਫ਼ਲ ਦੌਰੇ ਤੇ ਸਭ ਨੂੰ ਆਪਣਾ ਪਿਆਰ ਭਰਿਆਂ ਅਸ਼ੀਰਵਾਦ ਸਾਰੀ ਸੰਗਤ ਨੂੰ ਬਖ਼ਸ਼ਿਸ਼ ਕੀਤਾ। ਸ੍ਰੀ ਸਤਿਗੁਰੂ ਜੀ ਨੇ ਨੌਜਵਾਨਾਂ ਦੀ ਸੰਗਤ ਨੂੰ ਅਥਾਹ ਖੁਸ਼ੀਆਂ ਬਖ਼ਸ਼ਦੇ ਹੋਏ ਆਪਣੇ ਸਿੱਖਾਂ ਸੇਵਕਾਂ ਸਹਿਤ ਹਵਾਈ ਅੱਡੇ ਲਈ ਰਵਾਨਾ ਹੋਏ ਜਿਥੋਂ ਵਿੰਨੀਪੈਂਗ ਲਈ ਫਲਾਈਟ ਫੜ੍ਹ ਕੇ ਵਿੰਨੀਪੈਂਗ ਇੰਤਜ਼ਾਰ ਕਰ ਰਹੀ ਸੰਗਤ ਨੂੰ ਦਰਸ਼ਨ ਦੇਣ ਸ੍ਰੀ ਸਤਿਗੁਰੂ ਜੀ ਨੇ ਪਹੁੰਚਣਾ ਸੀ।

**ਸੂਬਾ ਬਲਵਿੰਦਰ ਸਿੰਘ ਝੱਲ**

.....................................................

## ਕੈਨੇਡਾ ਦੌਰੇ ਸਮੇਂ ਸ੍ਰੀ ਸਤਿਗੁਰੂ ਜੀ ਦੇ ਸ਼ਹਿਰ ਵਿੰਨੀਪੈਗ ਵਿਖੇ ਦਰਸ਼ਨ

ਨਾਮਧਾਰੀ ਪੰਥ ਦੇ ਮਜੂਦਾ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ 3 ਜੁਲਾਈ ਤੋਂ ਆਰੰਭ ਹੋਇਆਂ ਕੈਨੇਡਾ ਦੌਰਾ ਵੱਖ-ਵੱਖ ਸ਼ਹਿਰਾਂ ਵਿਖੇ ਪ੍ਰੋਗਰਾਮ ਕਰਨ ਅਤੇ ਸੰਗਤ ਨੂੰ ਨਿਵਾਜ਼ਦੇ ਹੋਏ ਨਿਰੰਤਰ ਜਾਰੀ ਸੀ ਅੱਜ **ਮਿਤੀ 15 ਜੁਲਾਈ 2024** ਨੂੰ ਕੈਲਗਿਰੀ ਸ਼ਹਿਰ ਦੀ ਸੰਗਤ ਨੂੰ ਦਰਸ਼ਨ ਦੇਣ ਤੋਂ ਬਾਅਦ ਅਗਲਾ ਪੜ੍ਹਾ ਵਿੰਨੀਪੈਗ ਸ਼ਹਿਰ ਵਿਖੇ ਸੀ। ਕੈਲਗਿਰੀ ਤੋਂ ਹਵਾਈ ਸਫ਼ਰ ਰਾਹੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ, ਮਾਤਾ ਗੁਰਸ਼ਰਨ ਕੌਰ ਜੀ ਅਤੇ ਸਿੱਖਾਂ ਸੇਵਕਾਂ ਦੇ ਜਥੇ ਸਹਿਤ ਵੈਸਟਜੈਟ ਦੀ ਫਲਾਇਟ ਰਾਹੀ 11 ਵਜੇ ਵਿੰਨੀਪੈਂਗ ਦੀ ਸਾਧ ਸੰਗਤ ਸ੍ਰੀ ਸਤਿਗੁਰੂ ਜੀ ਨੂੰ ਜੀ ਆਇਆ ਆਖਣ ਅਤੇ ਸੁਆਗਤ ਲਈ ਫੁੱਲਾਂ ਦੇ ਗੁਲਦਸਤੇ ਹੱਥਾਂ ਵਿੱਚ ਲੈ ਕੇ ਹਾਜ਼ਰ ਸੀ। ਹਵਾਈ ਅੱਡੇ ਤੋਂ ਕਾਰਾਂ ਵਿੱਚ ਬੈਠ ਕੇ ਚੱਲ ਪਏ। ਸ੍ਰੀ ਸਤਿਗੁਰੂ ਜੀ ਦੀ ਗੱਡੀਆਂ ਆਸਾ ਸਿੰਘ ਪੁੱਤਰ ਸ. ਅਮਰਜੀਤ ਸਿੰਘ ਪੁਰੇਵਾਲ ਚਲਾ ਰਿਹਾ ਸੀ। ਸਭ ਤੋਂ ਪਹਿਲਾਂ ਵਿੰਨੀਪੈਂਗ ਵਿਖੇ ਸ੍ਰੀ ਸਤਿਗੁਰੂ ਜੀ ਨੇ ਸ. ਗੁਰਦੇਵ ਸਿੰਘ ਪੁੱਤਰ ਸ. ਸੁਖਦੇਵ ਸਿੰਘ ਕੱਕੜ ਦੇ ਗ੍ਰਹਿ ਵਿਖੇ ਦਰਸ਼ਨ ਦਿੱਤੇ ਅਤੇ ਸਭਨਾ ਨੇ ਜਲ-ਪਾਣੀ ਛਕਿਆ।

ਉਪਰੰਤ ਸ੍ਰੀ ਸਤਿਗੁਰੂ ਜੀ ਆਪਣੇ ਡੇਰੇ ਸ. ਅਮਰਜੀਤ ਸਿੰਘ ਪੁਰੇਵਾਲ ਦੇ ਗ੍ਰਹਿ ਵਿਖੇ ਆਣ ਦਰਸ਼ਨ ਦਿੱਤੇ। ਪ੍ਰਸ਼ਾਦਾ ਛਕਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਹੇਠ ਲਿਖੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ। ਸ. ਗੁਰਦੇਵ ਸਿੰਘ ਪੁੱਤਰ ਸ. ਸੁਖਦੇਵ ਸਿੰਘ ਕੱਕੜ, ਸ. ਆਸਾ ਸਿੰਘ ਪੁੱਤਰ ਸ. ਅਮਰਜੀਤ ਸਿੰਘ ਪੁਰੇਵਾਲ, ਸ. ਗਿਆਨ ਸਿੰਘ ਪੁੱਤਰ ਸ. ਗੁਰਦੇਵ ਸਿੰਘ ਸਿੰਘਪੁਰ, ਸ. ਪ੍ਰੇਮ ਸਿੰਘ,

ਸ. ਬੀਬੀ ਹਰਮੀਤ ਕੌਰ, ਬਲਜੀਤ ਸਿੰਘ, ਰਾਏ ਪਰਿਵਾਰ, ਬਲਜੀਤ ਕੌਰ, ਸ. ਗੁਰਪ੍ਰੀਤ ਸਿੰਘ, ਬੀਬੀ ਹਰਪ੍ਰੀਤ ਕੌਰ, ਸ. ਨਰਿੰਦਰ ਸਿੰਘ, ਸ. ਜਵੰਦ ਸਿੰਘ, ਸ. ਸੁਰਿੰਦਰ ਸਿੰਘ, ਸ. ਭੁਪਿੰਦਰ ਸਿੰਘ ਮੱਤੇਵਾੜਾ।

ਸ਼ਾਮ ਦੇ ਨਾਮ ਸਿਮਰਨ ਅਤੇ ਕੀਰਤਨ ਦਾ ਪ੍ਰੋਗਰਾਮ 5 ਤੋਂ 7 ਵਜੇ ਤੱਕ ਸੀ। 5 ਵਜੇ ਨਾਮ ਸਿਮਰਨ ਦੀ ਸਮੇਂ ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕੀਤੀ। ਉਪਰੰਤ ਕਾਕਾ ਗੁਰਦੇਵ ਸਿੰਘ ਬੱਚੀ ਗਿਆਨ ਕੌਰ ਨੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਗੁਰਬਾਣੀ ਦਾ ਸ਼ਬਦ ਗਾਇਨ ਕੀਤਾ 'ਐਸਾ ਗੁਰ ਕਉ ਬਲਿ ਬਲਿ ਜਾਈਐ' ਤਬਲੇ ਤੇ ਪ੍ਰਭਜੀਤ ਸਿੰਘ ਮਿਸਲ ਨਿਹੰਗ ਜਥੇਬੰਦੀ ਵਲੋਂ ਸਾਥ ਦਿੱਤਾ ਗਿਆ। ਉਪਰੰਤ ਹਜ਼ੂਰੀ ਰਾਗੀ ਜਥੇ. ਵੱਲੋਂ ਰਾਗੀ ਬਲਵੰਤ ਸਿੰਘ ਦੀ ਅਗਵਾਈ ਵਿੱਚ ਸ਼ਬਦ ਭਗਤ ਰਵੀਦਾਸ ਜੀ ਦਾ ਸ਼ਬਦ 'ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ' ਸ੍ਰੀ ਸਤਿਗੁਰੂ ਜੀ ਦੇ ਹਾਜ਼ਰ ਗਾਇਨ ਕੀਤਾ ਗਿਆ। ਸ਼ਾਮ ਦੇ ਇਸ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਆਪਣੇ ਡੇਰੇ ਆਣ ਵਿਸ਼ਰਾਮ ਕੀਤਾ।

ਮਿਤੀ 16 ਜੁਲਾਈ 2024 ਦਿਨ ਮੰਗਲਵਾਰ- ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਜਥੇ ਵਲੋਂ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਵੱਡੇ ਅਤੇ ਸੁੰਦਰ ਹਾਲ ਵਿੱਚ ਕੀਤਾ ਗਿਆ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸਤਿਗੁਰੂ ਜੀ ਦਾ ਧਮਨਵਾਦ ਸੰਗਤ ਵਲੋਂ ਕੀਤਾ ਗਿਆ। ਜਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸ੍ਰੀ ਸਤਿਗੁਰੂ ਜੀ ਨੇ 2014 ਵਿੱਚ ਵਿੰਨੀਪੈਗ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ ਸੀ ਅਤੇ ਅੱਜ 10 ਸਾਲ ਦੇ ਵਕਫੇ ਮਗਰੋਂ ਫਿਰ ਕਿਰਪਾ ਕੀਤੀ ਹੈ। ਆਪ ਜੀ ਨੇ ਦਰਸ਼ਨ ਦੇ ਕੇ ਸੰਗਤ ਨੂੰ ਨਿਵਾਜ਼ਿਆ ਹੈ। ਸ੍ਰੀ ਸਤਿਗੁਰੂ ਜੀ ਨੇ ਡੇਰੇ ਆਣ ਛੋਟੇ ਬੱਚਿਆਂ ਤੋਂ ਗੁਰਬਾਣੀ ਦੇ ਸ਼ਬਦ ਸੁਣੇ। ਬੱਚੀ ਅਮਰਿੰਦਰ ਕੌਰ ਪੁੱਤਰੀ ਆਤਮਾ ਸਿੰਘ ਨੇ 'ਕਰ ਕ੍ਰਿਪਾ ਪ੍ਰਭ ਦੀਨ ਦਇਆਲਾ' ਸੁਣਾਇਆ। ਜ. ਗੁਰਲਾਲ ਸਿੰਘ ਭੈਣੀ ਸਾਹਿਬ ਦੀ ਪੁੱਤਰੀ ਗਿਆਨ ਕੌਰ ਨੇ 'ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ' ਗਾਇਨ ਕੀਤਾ। ਸ. ਨਵਨੀਤ ਸਿੰਘ ਦਿੱਲੀ ਦੇ ਛੋਟੇ ਬੱਚੇ ਨੇ ਸਿੱਧੀ ਧਾਰਨਾ ਪੜ੍ਹੀ 'ਵੈਦ ਹੈ ਮੇਰਾ ਸਤਿਗੁਰ ਪੂਰਾ' ਇਸ ਤਰ੍ਹਾਂ ਸ੍ਰੀ ਸਤਿਗੁਰੂ ਜੀ ਨੇ ਬੱਚਿਆਂ ਨੂੰ ਅਥਾਹ ਖੁਸ਼ੀਆਂ ਬਖ਼ਸ਼ੀਆਂ। ਏਥੇ ਹੀ ਪ੍ਰਸ਼ਾਦਾ ਛਕਣ ਉਪਰੰਤ ਕੁਝ ਸਮਾਂ ਲਈ ਸੈਰ ਕਰਨ ਉਪਰੰਤ ਸ੍ਰੀ ਸਤਿਗੁਰੂ ਜੀ ਅਤੇ ਸਿੱਖਾਂ ਸੇਵਕਾਂ ਨੇ ਹਵਾਈ ਅੱਡੇ ਦਾ ਰੁੱਖ ਕੀਤਾ।

ਸ੍ਰੀ ਸਤਿਗੁਰੂ ਜੀ ਨੇ ਵਿੰਨੀਪੈਗ ਦੀ ਸਾਧ-ਸੰਗਤ ਨੂੰ ਅਥਾਹ ਖੁਸ਼ੀਆਂ ਦਾ ਭੰਡਾਰ ਬਖ਼ਸ਼ ਕੇ ਬਰੈਂਮਟਨ (ਟਰਾਂਟੋ) ਲਈ ਚਾਲੇ ਪਾਏ ਅਤੇ ਵਿੰਨੀਪੈਂਗ ਦੀ ਸਾਧ ਸੰਗਤ ਨੇ ਖੁਸ਼ੀਆਂ ਭਰੇ ਮਹੋਲ ਵਿੱਚ ਸ੍ਰੀ ਸਤਿਗੁਰੂ ਜੀ ਨੂੰ ਵਿੰਨੀਪੈਂਗ ਤੇ ਵਿਦਾਇਗੀ ਦਿੱਤੀ।

**ਸੂਬਾ ਬਲਵਿੰਦਰ ਸਿੰਘ ਝੱਲ**

.................................................................

## ਤਿੰਨ ਕੈਨੇਡੀਅਨ ਸੰਸਥਾਵਾਂ ਵੱਲੋਂ ਪੰਜਾਬ ਤੋਂ ਆਏ ਡਾ. ਲਖਵੀਰ ਸਿੰਘ ਨਾਮਧਾਰੀ ਦਾ ਸਨਮਾਨ

**ਪੰਜਾਬ ਵਿੱਚ ਦੂਸ਼ਿਤ ਹੋ ਰਹੇ ਹਵਾ, ਪਾਣੀ ਅਤੇ ਵਾਤਾਵਰਨ ਤੇ ਹੋਈ ਗੰਭੀਰ ਲਾਈਵ ਵਿਚਾਰ ਚਰਚਾ।**

ਸਰੀ, 8 ਅਗਸਤ 2024 ਨੂੰ ਬੀਤੇ ਦਿਨੀਂ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ, ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟਡੀਜ਼ ਕੈਨੇਡਾ ਅਤੇ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਵੱਲੋਂ ਪੰਜਾਬ ਤੋਂ ਆਏ ਪੰਜਾਬੀ ਲੇਖਕ ਡਾਕਟਰ ਲਖਵੀਰ ਸਿੰਘ ਨਾਮਧਾਰੀ ਦੇ ਮਾਣ ਵਿਚ ਇਕ ਵਿਸ਼ੇਸ਼ ਪ੍ਰੋਗਰਾਮ ਰੱਖਿਆ ਗਿਆ ਅਤੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਸਰੀ ਵਿਖੇ ਇਸ ਸਮਾਗਮ ਵਿੱਚ ਉਹਨਾਂ ਬਾਰੇ ਜਾਣ ਪਛਾਣ ਕਰਵਾਉਂਦਿਆਂ ਪ੍ਰਸਿੱਧ ਪੰਜਾਬੀ ਚਿੰਤਕ ਜੈਤੇਗ ਸਿੰਘ ਅਨੰਤ ਨੇ ਕਿਹਾ ਕਿ ਡਾਕਟਰ ਲਖਵੀਰ ਸਿੰਘ ਨਾਮਧਾਰੀ ਦਾ ਸਾਹਿਤਿਕ ਗਤੀਵਿਧੀਆਂ ਵਿੱਚ ਵਡਮੁੱਲਾ ਕਾਰਜ ਹੈ। ਇਹਨਾਂ ਦੀਆਂ ਦੋ ਪੁਸਤਕਾਂ 'ਚੱਲ ਮਾਲਵਾ ਦੇਸ਼ ਨੂੰ ਚੱਲੀਏ' ਅਤੇ 'ਜਿੱਥੇ ਕਿੱਕਰਾਂ ਨੂੰ ਅੰਬ ਲੱਗਦੇ' ਪ੍ਰਕਾਸ਼ਿਤ ਹੋ ਚੁੱਕੀਆਂ ਹਨ ਅਤੇ ਤੀਜੀ ਪੁਸਤਕ 'ਮਾਲਵੇ ਦੇ ਪੁਰਾਤਨ ਰੁੱਖ' ਛਪਾਈ ਅਧੀਨ ਹੈ। ਇਹਨਾਂ ਨੇ ਨਾਮਧਾਰੀ ਸਹੀਦਾਂ, ਸਾਕੇ, ਘੱਲੂਘਾਰੇ, ਵਿਰਸੇ ਅਤੇ ਵਿਰਾਸਤ ਹਿਤ ਚੋਖਾ ਕਾਰਜ ਕੀਤਾ ਹੈ।

ਡਾ. ਗੁਰਦੇਵ ਸਿੰਘ ਸਿੱਧੂ ਨੇ ਡਾਕਟਰ ਲਖਵੀਰ ਸਿੰਘ ਨਾਮਧਾਰੀ ਬਾਰੇ ਕਿਹਾ ਕਿ ਇਹ ਪੰਜਾਬ ਵਿੱਚ ਕਿਸੇ ਜਾਣ ਪਛਾਣ ਦੇ ਮੁਹਤਾਜ ਨਹੀਂ। ਉਨ੍ਹਾਂ ਦੱਸਿਆ ਕਿ ਲਿਖਣ ਵਿੱਚ ਇਹਨਾਂ ਦਾ ਵਿਸ਼ੇਸ਼ ਖੇਤਰ ਨਾਮਧਾਰੀ ਇਤਿਹਾਸ ਹੈ। ਇਨ੍ਹਾਂ ਦੇ ਇਲਾਕੇ ਦੇ ਜਿਹੜੇ ਨਾਮਧਾਰੀ ਸ਼ਹੀਦ ਹੋਏ ਹਨ, ਜਿਨ੍ਹਾਂ ਬਾਰੇ ਬਹੁਤ ਘੱਟ ਲੋਕਾਂ ਨੂੰ ਪਤਾ ਸੀ, ਉਹਨਾਂ ਦੇ ਪਰਿਵਾਰਾਂ ਨੂੰ ਮਿਲ ਕੇ, ਉਨ੍ਹਾਂ ਦੇ ਘਰਾਂ ਵਿੱਚ ਜਾ ਕੇ ਉਹਨਾਂ

ਬਾਰੇ ਜਾਣਕਾਰੀ ਇਕੱਤਰ ਕਰ ਕੇ ਨਾਮਧਾਰੀ ਸੰਗਤ ਅਤੇ ਦੂਸਰੇ ਪਾਠਕਾਂ ਤੀਕ ਪਹੁੰਚਾਉਣ ਦਾ ਇਨ੍ਹਾਂ ਨੇ ਵਡੇਰਾ ਕਾਰਜ ਕੀਤਾ ਹੈ। ਅਸੀਂ ਕੁਦਰਤ ਤੋਂ ਵਿਛੜ ਰਹੇ ਹਾਂ, ਦੂਰ ਹੋ ਰਹੇ ਹਾਂ ਤਾਂ ਉਸ ਕੁਦਰਤ ਦੇ ਨਜਦੀਕ ਰਹਿਣ ਵਾਸਤੇ ਇਹਨਾਂ ਦਾ ਮਹੱਤਵਪੂਰਨ ਕੰਮ ਹੈ। ਖਾਸ ਕਰਕੇ ਪੁਰਾਣੇ ਰੁੱਖ ਜਿਨ੍ਹਾਂ ਨੂੰ ਅਸੀਂ ਵਿਸਾਰ ਦਿੱਤਾ ਹੈ ਉਹੀ ਪੁਰਾਣੇ ਬੋਹੜ, ਪਿੱਪਲ, ਫਲਾਈਆਂ ਨੂੰ ਮੁੜ ਕੇ ਜੀਵਿਤ ਕਰਨ ਵਿੱਚ ਇਹਨਾਂ ਨੇ ਕਾਫੀ ਮਹੱਤਵਪੂਰਨ ਕਾਰਜ ਕੀਤਾ ਹੈ। ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਆਗੂ ਸੁਰਿੰਦਰ ਸਿੰਘ ਜੱਬਲ ਨੇ ਕਿਹਾ ਕਿ ਨਾਮਧਾਰੀ ਇਤਿਹਾਸ ਨੂੰ ਸੁਰਜੀਤ ਕਰਨਾ, ਭੁੱਲੇ ਵਿਸਰੇ ਸ਼ਹੀਦਾਂ ਬਾਰੇ ਜਾਣਕਾਰੀ ਲੋਕਾਂ ਤੀਕ ਪਹੁੰਚਾਉਣਾ ਅਤੇ ਪੁਰਾਣੇ ਦਰੱਖਤਾਂ ਨਾਲ ਨਵੇਂ ਸਿਰਿਓਂ ਨਵੀਂ ਉਮੀਦ ਜਗਾਉਣੀ, ਇਨ੍ਹਾਂ ਦੇ ਅਜਿਹੇ ਕੰਮ ਬਹੁਤ ਧੰਨਤਾ ਦੇ ਯੋਗ ਹਨ। ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼ ਦੇ ਸੰਚਾਲਕ ਗਿਆਨ ਸਿੰਘ ਸੰਧੂ ਨੇ ਕਿਹਾ ਕਿ ਪਹਿਲੀ ਵਾਰੀ ਡਾਕਟਰ ਲਖਵੀਰ ਸਿੰਘ ਨਾਲ ਮੁਲਾਕਾਤ ਕਰ ਕੇ ਬਹੁਤ ਚੰਗਾ ਲੱਗਿਆ। ਅਜਿਹੇ ਵਿਦਵਾਨਾਂ ਦੀ ਭਾਈਚਾਰੇ ਨੂੰ ਬਹੁਤ ਲੋੜ ਹੈ। ਉਨ੍ਹਾਂ ਡਾਕਟਰ ਲਖਵੀਰ ਸਿੰਘ ਵੱਲੋਂ ਨਾਮਧਾਰੀ ਸ਼ਹੀਦਾਂ ਬਾਰੇ ਖੋਜ ਕਾਰਜ ਕਰਨ ਦੀ ਸਰਾਹਨਾ ਕੀਤੀ ਅਤੇ ਆਪਣੇ ਇੰਸਟੀਚਿਊਟ ਬਾਰੇ ਵੀ ਸੰਖੇਪ ਜਾਣਕਾਰੀ ਸਾਂਝੀ ਕੀਤੀ।

ਡਾਕਟਰ ਲਖਵੀਰ ਸਿੰਘ ਨਾਮਧਾਰੀ ਨੇ ਕਿਹਾ ਕਿ ਉਹ 'ਪੰਜਾਬੀ ਸੱਥ' ਨਾਲ ਜੁੜੇ ਹੋਏ ਹਨ ਅਤੇ ਮਲਵਈ ਪੰਜਾਬੀ ਸੱਥ ਦੇ ਸੰਚਾਲਕ ਹਨ। ਉਨ੍ਹਾਂ ਦੱਸਿਆ ਕਿ ਪੰਜਾਬੀ ਸੱਥ ਦੀਆਂ ਦੇਸ਼ ਅਤੇ ਵਿਦੇਸ਼ਾਂ ਵਿਚ ਕੁੱਲ 53 ਸ਼ਾਖਾਵਾਂ ਹਨ ਅਤੇ ਪੰਜਾਬੀ ਸੱਥ ਦੀਆਂ ਹੁਣ ਤੱਕ 450 ਤੋਂ ਜਿਆਦਾ ਆਪਣੀਆਂ ਕਿਤਾਬਾਂ ਛਪ ਚੁੱਕੀਆਂ ਹਨ। ਆਪਣੇ ਲਿਖਣ ਕਾਰਜ ਬਾਰੇ ਉਨ੍ਹਾਂ ਕਿਹਾ ਕਿ ਸਮਾਜਿਕ ਸਮੱਸਿਆਵਾਂ, ਸਾਡੀਆਂ ਟੁੱਟ ਰਹੀਆਂ ਕਦਰਾਂ ਕੀਮਤਾਂ, ਮਰਦ ਔਰਤ ਦੀਆਂ ਸਮੱਸਿਆਵਾਂ, ਨਸ਼ਿਆਂ ਦੇ ਵਧ ਰਹੇ ਪ੍ਰਭਾਵ, ਪ੍ਰਦੂਸ਼ਿਤ ਹੋ ਰਹੇ ਵਾਤਾਵਰਨ, ਨਾਮਧਾਰੀ ਲਹਿਰ ਸਬੰਧੀ ਉਨ੍ਹਾਂ ਨੇ ਬਹੁਤ ਸਾਰੇ ਆਰਟੀਕਲ ਲਿਖੇ ਹਨ। ਉਨ੍ਹਾਂ ਦੀਆਂ ਪੁਸਤਕਾਂ ਵੀ ਮਾਲਵੇ ਦੇ ਇਤਿਹਾਸ ਅਤੇ ਮਾਲਵੇ ਦੇ ਸਭਿਆਚਾਰ ਬਾਰੇ ਹਨ। ਉਨ੍ਹਾਂ ਮਾਣ ਸਨਮਾਨ ਦੇਣ ਲਈ ਤਿੰਨਾਂ ਸੰਸਥਾਵਾਂ ਦਾ ਧੰਨਵਾਦ ਕੀਤਾ। ਡਾਕਟਰ ਲਖਵੀਰ ਸਿੰਘ ਨੇ ਸ. ਜੈਤੇਗ ਸਿੰਘ ਅਨੰਤ ਜੀ ਨੂੰ ਪੰਜਾਬੀ ਸੱਥ ਦੀਆਂ ਗੁਰ ਇਤਿਹਾਸ ਤੀਰਥ ਯਾਤਰਾ, ਜਗਤ ਗੁਰ ਬਾਬਾ ਅਤੇ ਸੁਤੰਤਰਤਾ ਸੰਗਰਾਮ ਦੇ ਮਹਾਂਨਾਇਕ ਗੁਰੂ ਰਾਮ ਸਿੰਘ ਆਦਿ ਪੁਸਤਕਾਂ ਭੇਂਟ ਕੀਤੀਆਂ।

ਇਹ ਸਮਾਗਮ ਵਿੱਚ ਹਰਦਰਸ਼ਨ ਇੰਟਰਨੈਸ਼ਨਲ ਟਰੱਸਟ ਦੇ ਬਾਨੀ, ਮਾਂ ਬੋਲੀ ਦੇ ਸੱਚੇ ਤੇ ਸੁੱਚੇ ਸਪੂਤ, ਬਹੁਪੱਖੀ, ਬਹੁਰੰਗੀ, ਸਿਰੜੀ, ਸਿਦਕੀ, ਅਣਥੱਕ ਸਖਸ਼ੀਅਤ, ਸਾਹਿਤਕਾਰ ਅਤੇ ਨਾਮਵਰ ਇਤਿਹਾਸਕਾਰ ਸ ਜੈਤੇਗ ਸਿੰਘ ਅਨੰਤ ਜੀ ਵੱਲੋਂ ਉਲੀਕਿਆ ਗਿਆ। ਜਿੱਥੇ ਸ. ਜੈਤੇਗ ਸਿੰਘ ਅਨੰਤ ਜੀ ਨੇ ਆਪਣਾ ਸਮੁੱਚਾ ਜੀਵਨ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸਮਰਪਿਤ ਕੀਤਾ ਹੋਇਆ ਹੈ ਉਥੇ ਉਹਨਾਂ ਡੇਢ ਦਰਜਨ ਕਿਤਾਬਾਂ ਮਾਂ ਬੋਲੀ ਦੀ ਝੋਲੀ ਪਾਈਆਂ ਹਨ। ਸ. ਗਿਆਨ ਸਿੰਘ ਸੰਧੂ ਇਸ ਸਮਾਗਮ ਦੀ ਸ਼ਾਨ ਸਨ ਜੋ ਕੈਨੇਡਾ ਦੇ ਇਕ ਉੱਘੇ ਅਤੇ ਸਫ਼ਲ ਉਦਯੋਗਪਤੀ, ਵਰਲਡ ਸਿੱਖ ਆਰਗਨਾਈਜੇਸ਼ਨ ਦੇ ਬਾਨੀ ਪ੍ਰਧਾਨ, ਕੈਨੇਡਾ ਵਿੱਚ ਰਾਜਨੀਤੀਕ, ਧਾਰਮਿਕ, ਸਮਾਜਿਕ ਅਤੇ ਭਾਈਚਾਰਕ ਸਾਂਝ ਦੀਆਂ ਚਣੌਤੀਆਂ ਦਾ ਸਾਹਮਣਾ ਕਰਨ ਵਾਲੇ ਪੁਰਾਤਨ ਸੰਘਰਸ਼ਸੀਲ ਯੋਧੇ ਹਨ।ਕੈਨੇਡਾ ਸਬੰਧੀ ਛਪੀ ਵੱਡਆਕਾਰੀ ਪੁਸਤਕ 'ਅਣਗਾਹੇ ਰਾਹ' ਦੇ ਲੇਖਕ ਸ. ਗਿਆਨ ਸਿੰਘ ਸੰਧੂ ਜੀ ਦੇ ਵਿਸ਼ਵ ਸਿੱਖ ਭਾਈਚਾਰੇ ਲਈ ਵੱਡੇ ਸੁਪਨੇ ਹਨ। ਸ. ਸੁਰਿੰਦਰ ਸਿੰਘ ਜੱਬਲ ਵੀ ਜਿੱਥੇ ਗੁਰਦੁਆਰਾ ਸਾਹਿਬ ਬਰੁਕਸਾਈਡ ਦੇ ਮੁੱਖ ਸੇਵਾਦਾਰ ਅਤੇ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਪਹਿਲੇ ਪ੍ਰਧਾਨ ਹਨ ਉਥੇ ਉਹਨਾਂ ਕੈਨੇਡਾ ਵਿਚ ਅਨੇਕਾਂ ਵੱਕਾਰੀ ਐਵਾਰਡ ਪ੍ਰਾਪਤ ਕੀਤੇ ਹਨ।

ਇਹਨਾਂ ਮਹਾਨ ਸ਼ਖਸੀਅਤਾਂ ਵੱਲੋਂ ਡਾਕਟਰ ਲਖਵੀਰ ਸਿੰਘ ਨਾਮਧਾਰੀ ਨੂੰ ਨਾਮਧਾਰੀ ਯੋਧਿਆਂ, ਗ਼ਦਰੀਆਂ ਅਤੇ ਘੱਲੂਘਾਰਿਆਂ ਬਾਰੇ ਹੋਰ ਖੋਜ ਭਰਭੂਰ ਕਾਰਜ ਕਰਨ ਲਈ ਪ੍ਰੇਰਿਤ ਕੀਤਾ ਗਿਆ।

ਇਸ ਸਮੇਂ ਕੈਨੇਡਾ ਦੇ ਪ੍ਰਸਿੱਧ ਰੈੱਡ ਐਫ ਐੱਮ ਰੇਡੀਓ ਦੇ ਹੋਸਟ ਸ. ਹਰਪ੍ਰੀਤ ਸਿੰਘ ਵੱਲੋਂ ਪੰਜਾਬ ਦੀ ਆਬੋ ਹਵਾ, ਪਾਣੀ ਅਤੇ ਵਾਤਾਵਰਨ ਬਾਰੇ ਡਾ. ਲਖਵੀਰ ਸਿੰਘ ਨਾਮਧਾਰੀ ਨਾਲ ਲਾਈਵ ਵਾਰਤਾਲਾਪ ਕਰਵਾਈ ਗਈ। ਜਿਸ ਵਿੱਚ ਗੁਰੂ ਨਾਨਕ ਦੇਵ ਜੀ ਦੇ ਗੁਰਬਾਣੀ ਦੇ ਸ਼ਬਦ, ਪਵਣੁ ਗੁਰੂ ਪਾਣੀ ਪਿਤਾ 'ਤੇ ਵਿਚਾਰ ਵਟਾਂਦਰਾ ਹੋਇਆ ਅਤੇ ਪੰਜਾਬ ਵਿੱਚ ਦੂਸ਼ਿਤ ਹੋ ਰਹੇ ਹਵਾ, ਪਾਣੀ ਅਤੇ ਵਾਤਾਵਰਨ ਨੂੰ ਸੰਭਾਲਣ ਲਈ ਸੰਜੀਦਾ ਯਤਨ ਕਰਨ ਤੇ ਜ਼ੋਰ ਦਿੱਤਾ ਗਿਆ। ਅੰਤ ਵਿਚ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਦੇ ਰੂਹੇ-ਰਵਾਂ ਜੈਤੇਗ ਸਿੰਘ

ਅਨੰਤ ਨੇ ਹਾਜਰ ਸਖ਼ਸ਼ੀਅਤਾਂ ਦਾ ਧੰਨਵਾਦ ਕੀਤਾ। ਡਾਕਟਰ ਲਖਵੀਰ ਸਿੰਘ ਨਾਮਧਾਰੀ ਅਤੇ ਬਸੰਤ ਸਿੰਘ ਨਾਮਧਾਰੀ ਨੂੰ ਤਿੰਨਾਂ ਸੰਸਥਾਵਾਂ ਵੱਲੋ ਜੈਤੇਗ ਸਿੰਘ ਅਨੰਤ, ਗਿਆਨ ਸਿੰਘ ਸੰਧੂ, ਸੁਰਿੰਦਰ ਸਿੰਘ ਜੱਬਲ, ਚਰਨਜੀਤ ਸਿੰਘ ਮਰਵਾਹਾ, ਡਾ. ਗੁਰਦੇਵ ਸਿੰਘ ਸਿੱਧੂ, ਹਰਪ੍ਰੀਤ ਸਿੰਘ, ਲਖਬੀਰ ਸਿੰਘ ਖੰਗੂੜਾ, ਜਰਨੈਲ ਸਿੰਘ ਸਿੱਧੂ ਨੇ ਸਿਰੋਪਾਓ ਅਤੇ ਵਡਮੁੱਲੀਆਂ ਪੁਸਤਕਾਂ ਨਾਲ ਸਨਮਾਨਿਤ ਕੀਤਾ।

**ਹਰਦਮ ਸਿੰਘ ਮਾਨ, ਕੈਨੇਡਾ**

.....................................................

## ਸਰੀ (ਕੈਨੇਡਾ) ਵਿਖੇ ਅਖੰਡ ਪਾਠ ਅਤੇ ਮੇਲਾ

**ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਪ੍ਰਕਾਸ਼ਿਤ ਕਰਾਉਣ ਦੀ ਪਹਿਲ ਸਤਿਗੁਰੂ ਰਾਮ ਸਿੰਘ ਜੀ ਨੇ ਕੀਤੀ- ਡਾ. ਗੁਰਦੇਵ ਸਿੰਘ ਸਿੱਧੂ**

**ਆਸਾ ਦੀ ਵਾਰ ਦਾ ਕੀਰਤਨ, ਸ਼ਬਦ ਕੀਰਤਨ, ਹੱਲੇ ਦੇ ਦਿਵਾਨ, ਵਿਦਵਾਨਾਂ ਦੀਆਂ ਤਕਰੀਰਾਂ ਨਾਲ ਮੇਲਾ ਯਾਦਗਾਰੀ ਹੋ ਨਿੱਬੜਿਆ।**

**ਸਰੀ ਬੀ. ਸੀ. ਕੈਨੇਡਾ-** ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਅਪਾਰ ਬਖਸ਼ਿਸ਼ ਸਦਕਾ ਵੈਨਕੂਵਰ ਦੇ ਸੂਬਾ ਜੀ, ਸੂਬਾ ਬਲਵੀਰ ਸਿੰਘ ਜੀ ਦੇ ਗ੍ਰਿਹਿ ਸਰੀ ਵੈਨਕੂਵਰ ਵਿਖੇ ਗੁਰਬਾਣੀ ਦੇ ਸ਼ਬਦ 'ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ' ਅਤੇ ਸਤਿਗੁਰ ਹੋਏ ਦਇਆਲ ਤ ਸਰਧਾ ਪੂਰੀਐ ਅਨੁਸਾਰ ਬਹੁਤ ਹੀ ਸ਼ਰਧਾ ਅਤੇ ਪ੍ਰੇਮ ਨਾਲ ਅਖੰਡ ਪਾਠ ਕਰਕੇ ਭੋਗ ਪਾਏ ਗਏ ਅਤੇ ਮੇਲਾ ਕਰਵਾਇਆ ਗਿਆ।

2 ਅਗਸਤ ਨੂੰ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਬਖਸ਼ਿਸ਼ ਕੀਤੀ ਨਾਮਧਾਰੀ ਸੋਧ ਮਰਿਯਾਦਾ ਮੁਤਾਬਕ ਅਖੰਡ ਪਾਠ ਸਾਹਿਬ ਦਾ ਸ਼ੁਭ ਆਰੰਭ ਹੋਇਆ। ਇਸ ਸਮਾਗਮ ਵਿੱਚ ਸਰੀ ਵੈਨਕੂਵਰ ਦੇ ਨੌਜਵਾਨਾਂ ਅਤੇ ਪਤਵੰਤੇ ਸੱਜਣਾ ਤੋਂ ਇਲਾਵਾ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਅਤੇ ਅਨਿੰਨ ਸੇਵਕ ਸੰਤ ਨਿਸ਼ਾਨ ਸਿੰਘ, ਸੂਬਾ ਬਲਵਿੰਦਰ ਸਿੰਘ, ਸੰਤ ਹਰਪਾਲ ਸਿੰਘ ਜੀ ਸੇਵਕ, ਸੇਵਕ ਸਤਨਾਮ ਸਿੰਘ ਜੀ, ਜੱਥੇਦਾਰ ਗੁਰਲਾਲ ਸਿੰਘ ਜੀ ਅਤੇ ਸੂਬਾ ਹਰਜੀਤ ਸਿੰਘ ਜੀ ਮੁਠੱਡਾ ਨੇ ਉਚੇਚੇ ਤੌਰ ਤੇ ਭਾਗ ਲਿਆ।

ਪਾਤਸ਼ਾਹ ਜੀ ਦੀ ਸਰੀ ਵੈਨਕੂਵਰ ਤੇ ਅਪਾਰ ਬਖਸ਼ਿਸ਼ ਹੈ। ਇੱਥੋਂ ਦੇ ਨੌਜਵਾਨ ਵੱਡੀ ਗਿਣਤੀ ਵਿੱਚ ਸੋਧ ਮਰਯਾਦਾ ਦੇ ਧਾਰਨੀ ਹਨ, ਤੰਤੀ ਸਾਜਾਂ ਨਾਲ ਕੀਰਤਨ ਕਰਨ ਵਾਲੇ ਨੌਜਵਾਨਾਂ ਦੀ ਵੀ ਚੋਖੀ ਗਿਣਤੀ ਹੈ। ਸੂਬਾ ਬਲਵੀਰ ਸਿੰਘ ਜੀ ਨੇ ਦੱਸਿਆ ਕਿ ਨੌਜਵਾਨਾਂ ਵਿੱਚ ਗੁਰਸਿੱਖੀ ਦਾ ਏਨਾ ਚਾਅ ਹੈ ਕਿ ਜਪੁ ਪ੍ਰਯੋਗ ਵਿੱਚ 230 ਜਣਿਆਂ ਨੇ ਸ਼ੌਕ ਅਤੇ ਚਾਅ ਨਾਲ ਸੋਧ ਮਰਯਾਦਾ ਰੱਖੀ ਹੋਈ ਸੀ।

2 ਅਗਸਤ ਦੀ ਸ਼ਾਮ ਨੂੰ ਨੌਜਵਾਨ ਰਤਨ ਸਿੰਘ, ਕਰਤਾਰ ਸਿੰਘ,ਦਿਦਾਰ ਸਿੰਘ ਅਤੇ ਬਲਕਾਰ ਸਿੰਘ ਨੇ ਤੰਤੀ ਸਾਜਾਂ ਨਾਲ ਸ਼ਬਦ ਕੀਰਤਨ ਕੀਤਾ ਅਤੇ ਇਹ ਸ਼ਬਦ ਵੀ ਗਾਇਣ ਕੀਤਾ -

ਮਨ ਜਾਪਹੁ ਰਾਮ ਗੁਪਾਲ।<br>ਹਰਿ ਰਤਨ ਜਵੇਹਰ ਲਾਲ।

3 ਅਗਸਤ ਨੂੰ ਸਵੇਰੇ ਅੰਮ੍ਰਿਤ ਵੇਲੇ ਬਲਕਾਰ ਸਿੰਘ, ਦਿਦਾਰ ਸਿੰਘ ਅਤੇ ਜਗਬੀਰ ਸਿੰਘ ਨੇ ਤੰਤੀ ਸਾਜਾਂ ਨਾਲ ਆਸਾ ਦੀ ਵਾਰ ਦਾ ਕੀਰਤਨ ਕੀਤਾ।

3 ਅਗਸਤ ਸ਼ਨੀਵਾਰ ਦੀ ਸ਼ਾਮ ਨੂੰ ਨਾਮਧਾਰੀ ਗੁਰਦੁਆਰਾ ਸਾਹਿਬ ਵਿਖੇ ਮੇਲਾ ਕਰਵਾਇਆ ਗਿਆ। ਇਕ ਘੰਟਾ ਨਾਮ ਸਿਮਰਨ ਉਪਰੰਤ ਪਾਤਸ਼ਾਹ ਜੀ ਦੇ ਬਹੁਤ ਹੀ ਪਿਆਰੇ ਸੇਵਕ ਸ. ਕਾਕਾ ਸਿੰਘ ਕੰਗ ਦੇ 5 ਕੁ ਸਾਲ ਦੇ ਛੋਟੇ ਜਿਹੇ ਸਪੁੱਤਰ ਗੁਰਕੀਰਤ ਸਿੰਘ ਨੇ ਬਹੁਤ ਹੀ ਖੂਬਸੂਰਤ ਸ਼ਬਦ ਪੜ੍ਹਿਆ। ਸ਼ਬਦ ਤੋਂ ਉਪਰੰਤ ਜੱਥੇਦਾਰ ਗੁਰਲਾਲ ਸਿੰਘ ਜੀ ਨੇ ਦਿਵਾਨ ਲਗਾਇਆ।

**ਜੱਥੇਦਾਰ ਗੁਰਲਾਲ ਸਿੰਘ-** ਜੱਥੇਦਾਰ ਗੁਰਲਾਲ ਸਿੰਘ ਜੀ ਨੇ ਦੇਸ਼ ਲਈ ਆਪਾ ਕੁਰਬਾਨ ਕਰਨ ਵਾਲੇ ਰਾਏਕੋਟ ਨਾਮਧਾਰੀ ਸ਼ਹੀਦੀ ਸ਼ਾਕੇ ਦੇ ਸ਼ਹੀਦ ਮੰਗਲ ਸਿੰਘ, ਸ਼ਹੀਦ ਮਸਤਾਨ ਸਿੰਘ, ਅਤੇ ਸ਼ਹੀਦ ਗੁਰਮੁੱਖ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹੱਲੇ ਦਾ ਦਿਵਾਨ ਲਗਾਇਆ। ਸਤਿਗੁਰੂ ਰਾਮ ਸਿੰਘ ਜੀ ਵੱਲੋਂ ਦੇਸ਼ ਆਜ਼ਾਦੀ ਲਈ ਝੁਲਾਏ ਸੁਤੰਤਰਤਾ ਸੰਗ੍ਰਾਮ ਦੇ ਝੰਡੇ ਹੇਠ ਨਾਮਧਾਰੀ ਸਿੰਘਾਂ ਨੇ ਜੋ ਕੁਰਬਾਨੀਆਂ ਦਿੱਤੀਆਂ ਅਤੇ ਪੁਰਾਤਨ ਸਿੱਖ ਇਤਿਹਾਸ ਦੀਆਂ ਦਿਲ ਕੰਬਾਊ ਸ਼ਹਾਦਤਾਂ ਨੂੰ ਜੱਥੇਦਾਰ ਸਾਹਿਬ ਜੀ ਨੇ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ।

**ਡਾ. ਲਖਵੀਰ ਸਿੰਘ-** ਡਾ. ਲਖਵੀਰ ਸਿੰਘ ਰਾਮਪੁਰਾ ਫੂਲ ਨੇ ਦੱਸਿਆ ਕਿ ਮਾਲਵੇ ਨੂੰ ਵੱਡਾ ਮਾਣ ਹੈ ਕਿ ਰਾਏਕੋਟ ਸ਼ਾਕੇ ਦੇ ਸ਼ਹੀਦ, ਲੁਧਿਆਣਾ ਸ਼ਾਕੇ ਦੇ ਸ਼ਹੀਦ,

ਮਾਲੇਰਕੋਟਲਾ ਵਿਖੇ ਤੋਪਾਂ ਅੱਗੇ ਛੀਮਾ ਰੱਖਕੇ ਤੋਪਾਂ ਦੇ ਬਰਾਬਰ ਹੋ ਸ਼ਹੀਦੀ ਪ੍ਰਾਪਤ ਕਰਨ ਵਾਲੇ ਸ਼ਹੀਦ ਵਰਿਆਮ ਸਿੰਘ ਵਰਗੇ 15 ਸ਼ਹੀਦ ਰਾਮਪੁਰਾ ਫੂਲ ਬਲਾਕ ਦੇ ਹਨ ਜਿਨ੍ਹਾਂ ਦੀ ਯਾਦ ਵਿੱਚ ਪਾਤਸ਼ਾਹ ਜੀ ਦੀ ਹਜ਼ੂਰੀ ਵਿੱਚ ਰਾਮਪੁਰਾ ਫੂਲ ਵਿਖੇ ਸਾਲਾਨਾ ਸ਼ਹੀਦੀ ਮੇਲਾ ਮਨਾਇਆ ਜਾਂਦਾ ਹੈ। ਜਿੱਥੇ ਉਹਨਾਂ ਸਰੀ ਵੈਨਕੂਵਰ ਵਿਖੇ ਪ੍ਰਫੁੱਲਤ ਹੋਈ ਗੁਰਸਿੱਖੀ ਦੀ ਸਰਾਹਨਾ ਕੀਤੀ ਉੱਥੇ ਉਹਨਾਂ ਨੌਜਵਾਨਾਂ ਨੂੰ ਨਾਮਧਾਰੀ ਇਤਿਹਾਸ ਤੇ ਹੋਰ ਅਗਲੇਰੀਆਂ ਖੋਜਾਂ ਕਰਨ ਦੀ ਗੁਜਾਰਿਸ਼ ਵੀ ਕੀਤੀ।

**ਸੂਬਾ ਬਲਵਿੰਦਰ ਸਿੰਘ–** ਸੂਬਾ ਬਲਵਿੰਦਰ ਸਿੰਘ ਜੀ ਨੇ ਬੇਅੰਤ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਹਿਮਾ ਦਾ ਵਿਖਿਆਨ ਕੀਤਾ ਅਤੇ ਆਖਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਅਜਿਹੇ ਮਹਾਨ ਸਤਿਗੁਰੂ ਸਨ ਜਿੰਨ੍ਹਾਂ ਨੇ ਨਾਮਧਾਰੀ ਗੁਰਸਿੱਖੀ ਨੂੰ ਦੁਨੀਆਂ ਵਿੱਚ ਫੈਲਾਅ ਦਿੱਤਾ। ਸਾਨੂੰ ਦੁਨੀਆਂ ਨਾਲੋਂ ਬੇਹਤਰ ਜੀਵਨ ਜਾਂਚ ਦਿੱਤੀ, ਦੁਨੀਆਂ ਦੇ ਹਰ ਦੁਖੀ, ਦਰਦੀ, ਲੋੜਵੰਦ ਦੀ ਮਦਦ ਕੀਤੀ, ਤਪਦੇ ਹਿਰਦਿਆਂ ਨੂੰ ਠਾਰਿਆ ਅਤੇ ਆਪਣਾ ਆਸ਼ੀਰਵਾਦ ਦੇ ਖੁਸ਼ੀਆਂ ਦੇ ਭੰਡਾਰੇ ਖੋਲ੍ਹ ਦਿੱਤੇ। ਸੂਬਾ ਜੀ ਨੇ ਬੇਅੰਤ ਪਾਤਸ਼ਾਹ ਜੀ ਦੀ ਮਿੱਠੀ ਯਾਦ ਸੁੰਦਰ ਕਵਿਤਾਵਾਂ ਰਾਹੀਂ ਬਿਆਨ ਕੀਤਾ ਅਤੇ ਸਰੀ ਵੈਨਕੂਵਰ ਦੀ ਸੰਗਤ ਦੀ ਉਸਤਤ ਵਿੱਚ ਆਖਿਆ ਅੱਜ ਹਜ਼ੂਰ ਪਾਤਸ਼ਾਹ ਜੀ ਦੀ ਬਖ਼ਸ਼ਿਸ਼ ਹੈ ਕਿ ਨਾਮਧਾਰੀ ਫੁਲਵਾੜੀ ਸੰਸਾਰ ਵਿੱਚ ਚਾਰ ਚੁਫੇਰੇ ਗੁਰਸਿੱਖੀ ਦੀਆਂ ਮਹਿਕਾਂ ਵਿੱਖੇਰ ਰਹੀ ਹੈ।

ਅੱਜ ਦੇ ਇਸ ਮੇਲੇ ਵਿੱਚ ਨਾਮਧਾਰੀ ਗੁਰਦੁਆਰਾ ਸਾਹਿਬ ਵਿਖੇ ਭਾਰੀ ਇਕੱਠ ਸੀ ਜਿੱਥੇ ਲੰਗਰ ਗੁਰੂ ਕਾ ਅਤੁੱਟ ਵਰਤਿਆ ਉਥੇ ਸਾਧ ਸੰਗਤ ਨੇ ਤਨ ਮਨ ਨਾਲ ਸੇਵਾ ਕੀਤੀ।

4 ਅਗਸਤ ਐਤਵਾਰ ਨੂੰ ਅੰਮ੍ਰਿਤ ਵੇਲੇ ਸਰੀ ਵੈਨਕੂਵਰ ਦੇ ਸਥਾਨਕ ਰਾਗੀ ਦਵਿੰਦਰ ਸਿੰਘ, ਰਾਗੀ ਪਵਿੱਤਰ ਸਿੰਘ ਅਤੇ ਉਹਨਾਂ ਦੇ ਸਮੂਹ ਜੱਥੇ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਤਬਲੇ ਤੇ ਸੰਗਤ ਸਰਬਜੀਤ ਸਿੰਘ ਮਠਾੜੂ ਨੇ ਕੀਤੀ।ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸੂਬਾ ਬਲਵੀਰ ਸਿੰਘ ਜੀ ਦੇ ਵੱਡੇ ਸਪੁੱਤਰ ਬਸੰਤ ਸਿੰਘ ਚਾਨਾ ਜੀ ਨੇ ਰਾਗ ਅਲੱਈਆ ਬਿਲਾਵਲੁ ਦਾ ਸ਼ਬਦ 'ਮੋਹਨ ਨੀਦ ਨ ਆਵੈ' ਗਾਇਨ ਕੀਤਾ। ਸ. ਪਿਆਰਾ ਸਿੰਘ ਜੀ ਨੇ ਨਾਲ ਤਬਲੇ ਤੇ ਸਾਥ ਦਿੱਤਾ। ਇਸ ਸਮੇਂ ਪਾਤਸ਼ਾਹ ਜੀ ਦੀ ਦੱਸੀ ਮਰਯਾਦਾ ਮੁਤਾਬਕ ਨੌਜਵਾਨਾਂ ਵੱਲੋਂ ਹਵਨ ਕੀਤਾ ਗਿਆ ਅਤੇ ਨਾਲ ਨਾਲ ਚੌਪਈ ਦੀ ਵਰਨੀ ਵੀ ਕੀਤੀ ਗਈ।

ਸ਼ਬਦ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦਾ ਭੋਗ ਪਾਇਆ ਗਿਆ।9ਵੇਂ ਮੁਹੱਲੇ ਦੇ ਸਲੋਕ ਸੂਬਾ ਬਲਵਿੰਦਰ ਸਿੰਘ ਜੀ, ਸੰਤ ਗੁਰਨਾਮ ਸਿੰਘ ਹੋਠੀਆਂ ਅਤੇ ਸੂਬਾ ਹਰਜੀਤ ਸਿੰਘ ਜੀ ਵੱਲੋਂ ਪੜ੍ਹੇ ਗਏ।

**ਸੰਤ ਨਿਸ਼ਾਨ ਸਿੰਘ ਜੀ–** ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕਰਦਿਆਂ ਦਰਸਾਇਆ ਕਿ ਮਨੁੱਖ ਦੇ ਗ੍ਰਿਹਸਤੀ ਜੀਵਨ ਵਿੱਚ ਰਹਿੰਦਿਆਂ, ਪਰਿਵਾਰ ਪਾਲਦਿਆਂ ਨਿਸ਼ਕਾਮ ਸੇਵਾ ਕਰਨ, ਦਾਨ ਪੁੰਨ ਕਰਨ, ਸਿਮਰਨ ਕਰਨ ਅਤੇ ਸੰਤੋਖ ਰੱਖਣ ਦੀ ਮਹੱਤਤਾ ਹੀ ਗੁਰਸਿੱਖ ਦੇ ਜੀਵਨ ਦਾ ਆਧਾਰ ਹੈ।

ਸੰਤ ਜੀ ਨੇ ਫ਼ਰਮਾਇਆ ਕਿ ਜਿਹੜਾ ਮਨੁੱਖ ਕਿਰਤ ਕਰਕੇ ਪਰਿਵਾਰ ਪਾਲਣ ਦੇ ਨਾਲ ਨਾਲ ਸੇਵਾ ਕਰਦੈ, ਦਾਨ ਕਰਦੈ, ਲੋੜਵੰਦ ਦੀ ਮਦਦ ਕਰਦੈ, ਸੱਚੀ ਸੁੱਚੀ ਭਾਵਨਾ ਨਾਲ, ਤਨ, ਮਨ, ਧਨ ਨਾਲ ਨਿਰਸਵਾਰਥ ਸੇਵਾ ਕਰਦੈ ਅਸਲ ਵਿੱਚ ਅਜਿਹਾ ਸਿੱਖ ਹੀ ਗੁਰੂ ਦਾ ਪਿਆਰਾ, ਗੁਰੂ ਕੀਆਂ ਖੁਸ਼ੀਆਂ ਲੈਣ ਵਾਲਾ ਸਫਲ ਪ੍ਰਵਾਨ ਗ੍ਰਿਹਸਤੀ ਹੈ।

ਭਉ ਤੇ ਭਾਉ ਰੱਖਕੇ ਕੀਤੀ ਸੇਵਾ ਹੀ ਪਰਵਾਨ ਚੜ੍ਹਦੀ ਹੈ। 'ਸਤੀ ਦੇਇ ਸੰਤੋਖੀ ਖਾਏ' ਸ਼ਬਦ ਅਨੁਸਾਰ ਸੇਵਾ ਕਰਨ ਵਾਲੇ ਦੀ ਬਿਰਤੀ ਦਾਨ ਵਾਲੀ ਹੋਵੇ।ਸੇਵਾ ਸ਼ੁਭ ਭਾਵਨਾ ਨਾਲ ਕੀਤੀ ਜਾਵੇ। ਸੇਵਾ ਕਰਨ ਦੀ ਭਾਵਨਾ ਅਜਿਹੀ ਹੋਵੇ ਕਿ ਮੇਰਾ ਤਾਂ ਇਸ ਵਿੱਚ ਕੁਝ ਹੈ ਹੀ ਨਹੀਂ ਜੋ ਕੁਝ ਹੈ ਉਹ ਸਤਿਗੁਰੂ ਦਾ ਭੇਜਿਆ ਹੋਇਆ ਹੈ ਤੇ ਦਾਨ ਪ੍ਰਾਪਤ ਕਰਨ ਵਾਲਾ ਵੀ ਸੰਤੋਖੀ ਹੋਵੇ। ਜੇਕਰ ਕਿਸੇ ਗਰੀਬ ਨੂੰ ਦਾਨ ਕਰਨ ਵੇਲੇ ਦਾਨੀ ਦੇ ਮਨ ਵਿੱਚ ਆ ਗਿਆ ਕਿ ਵਿਚਾਰਾ ਲੋੜਵੰਦ ਹੈ ਤਾਂ ਓਦੋਂ ਹੀ ਦਾਨ ਨਿਹਫਲ ਹੋ ਜਾਂਦਾ ਹੈ ਕਿਉਂਕਿ ਉਸਨੂੰ ਵਿਚਾਰਾ ਕਹਿਣ ਨਾਲ ਦਾਨੀ ਆਪਣੇ ਆਪ ਨੂੰ ਬਲਸ਼ਾਲੀ ਸਮਝ ਬੈਠਦਾ ਹੈ। ਜਦੋਂ ਬਲਸ਼ਾਲੀ ਸਮਝ ਲਿਆ ਤਾਂ ਹੰਕਾਰ ਆ ਗਿਆ ਤੇ ਕੰਮ ਉਲਟਾ ਹੋ ਗਿਆ। ਜਿਨੀਂ ਦੇਰ ਇਹ ਮਨ ਵਿੱਚ ਨਹੀਂ ਆਉਂਦਾ ਕਿ ਕਰਤਾ ਤਾਂ ਸਤਿਗੁਰੂ ਹੈ, ਮੈਨੂੰ ਦੇਣ ਵਾਲਾ ਵੀ ਸਤਿਗੁਰੂ ਹੈ, ਓਨੀ ਦੇਰ ਸੇਵਾ ਪ੍ਰਵਾਨ ਨਹੀਂ ਹੁੰਦੀ। ਅੱਜ ਸੂਬਾ ਜੀ ਨੇ ਮੇਲਾ ਲੁੱਟਿਆ ਹੈ। ਸੰਗਤ ਦੀ ਨਿਸ਼ਕਾਮ ਸੇਵਾ ਕੀਤੀ ਹੈ। ਸਾਰੇ ਪਰਿਵਾਰ ਅਤੇ ਸਾਧ ਸੰਗਤ ਨੇ ਰਲਕੇ ਦਿਨ ਰਾਤ ਹੱਥੀਂ ਸੇਵਾ ਕੀਤੀ ਹੈ, ਆਪਣੇ ਆਪ ਨੂੰ ਜਣਾਇਆ ਹੀ ਨਹੀਂ। ਆਪ ਇਕ ਪ੍ਰਵਾਨ

ਗ੍ਰਿਹਸਤੀ ਜੀਵਨ ਦੀ ਮਿਸਾਲ ਬਣ ਗਏ ਹਨ।

**ਸੇਵਕ ਹਰਪਾਲ ਸਿੰਘ–** ਸੇਵਕ ਹਰਪਾਲ ਸਿੰਘ ਜੀ ਨੇ ਸੰਗਤ ਨੂੰ ਸੰਬੋਧਿਤ ਹੁੰਦਿਆਂ ਆਖਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਫ਼ੁਰਮਾਇਆ ਕਰਦੇ ਸਨ ਕਿ ਵੱਡੀ ਫ਼ਿਲਾਸਫ਼ੀ ਗੁਰਬਾਣੀ ਵਿੱਚ ਹੈ।ਅਸੀਂ ਸਿੱਖ ਹੋਣ ਦੇ ਨਾਤੇ ਨਹੀਂ ਕਹਿੰਦੇ ਜੇਕਰ ਅਸੀਂ ਤੁਲਨਾਤਮਕ ਤੌਰ ਤੇ ਅਧਿਐਨ ਕਰੀਏ ਤਾਂ ਦੁਨੀਆਂ ਦੇ ਵਿੱਚ ਕੋਈ ਵੀ ਐਸਾ ਧਾਰਮਿਕ ਗ੍ਰੰਥ ਨਹੀਂ ਜਿਹੜਾ ਉਹਨਾਂ ਦੇ ਗੁਰੂਆਂ ਪੀਰਾਂ ਪੈਗੰਬਰਾਂ ਦਾ ਸ੍ਰੀ ਮੁੱਖ ਵਾਕ ਹੋਵੇ। ਜੇਕਰ ਬਾਈਬਲ ਦੀ ਗੱਲ ਕਰੀਏ ਤਾਂ ਇਹ ਬਾਅਦ ਵਿੱਚ ਲਿਖੀ ਗਈ ਹੈ। ਗੀਤਾ ਵੀ ਬਾਅਦ ਵਿੱਚ ਸ੍ਰੀ ਵੇਦ ਵਿਆਸ ਜੀ ਨੇ ਲਿਖੀ। ਸਾਡੇ ਕੋਲ ਜਿਹੜੀ ਗੁਰਬਾਣੀ ਹੈ ਇਹ ਸ੍ਰੀ ਗੁਰੂ ਸਾਹਿਬਾਨ ਦਾ ਸ੍ਰੀ ਮੁੱਖ ਵਾਕ ਹੈ। ਗੁਰੂ ਸਾਹਿਬਾਨ ਨੇ ਗੁਰਬਾਣੀ ਉਚਾਰਨ ਕਰਦਿਆਂ ਲਿਖਿਆ ਹੈ–

ਹਉ ਆਪਹੁ ਬੋਲਿ ਨ ਜਾਣਦਾ
ਮੈ ਕਹਿਆ ਸਭੁ ਹੁਕਮਾਉ ਜੀਉ॥

ਗੁਰੂ ਨਾਨਕ ਦੇਵ ਜੀ ਨੇ ਬਖਸ਼ਿਸ਼ ਕੀਤੀ ਪਹਿਲਾਂ ਰਾਗ ਆਇਆ ਫਿਰ ਬਾਣੀ ਆਈ। ਦੁਨੀਆਂ ਦਾ ਕੋਈ ਵੀ ਧਾਰਮਿਕ ਗ੍ਰੰਥ ਅਜਿਹਾ ਨਹੀਂ ਜਿਸਦਾ ਸੂਤਰਧਾਰ ਰਾਗ ਹੋਵੇ। ਜੇਕਰ ਗੁਰਬਾਣੀ ਗਿਆਨ ਦਾ ਪ੍ਰਕਾਸ਼ ਹੈ ਤਾਂ ਰਾਗ ਵਿੱਚ ਸੁਗੰਧੀ ਹੈ। ਗੁਰਬਾਣੀ ਰਾਗ ਨਾਦ, ਗਿਆਨ ਅਤੇ ਨਾਮ ਨਾਲ ਜੋੜਦੀ ਹੈ। ਮਾੜੇ ਕਰਮਾਂ ਤੋਂ ਰੋਕਦੀ ਹੈ। ਲਾਇਨਨਵਾਦ, ਮਾਰਕਸਵਾਦ ਦਾ ਅਰਥ ਭਰਪੂਰ ਜਵਾਬ ਗੁਰਬਾਣੀ ਦੀਆਂ ਦੋ ਤੁਕਾਂ ਹੀ ਦੇ ਦਿੰਦੀਆਂ ਹਨ। ਗੁਰਬਾਣੀ ਤੇ ਚਲਕੇ ਦੁਨੀਆਂ ਦਾ ਹਰ ਆਦਮੀ ਉੱਚਾ ਸੁੱਚਾ ਜੀਵਨ ਪ੍ਰਾਪਤ ਕਰ ਸਕਦਾ ਹੈ। ਨਾਮਧਾਰੀ ਸਿੱਖ ਗੁਰਬਾਣੀ ਮੁਤਾਬਕ ਨਾਮ ਜਪਦੇ ਨੇ, ਕੀਰਤਨ ਕਰਦੇ ਨੇ, ਮਰਯਾਦਾ ਰੱਖਦੇ ਨੇ, ਗੁਰਬਾਣੀ ਦੇ ਪਦਚਿੰਨ੍ਹਾਂ ਤੇ ਚਲਦੇ ਨੇ।

ਇਥੇ ਸਰੀ ਵੈਨਕੂਵਰ ਵਿੱਚ ਕੋਈ ਅੱਖਾਂ ਦਾ ਡਾਕਟਰ ਹੈ, ਕੋਈ ਫਿਜ਼ਿਓਥਰੈਪਿਸਟ ਹੈ, ਕੋਈ ਇੰਜੀਨੀਅਰ ਹੈ, ਕੋਈ ਆਰਕੀਟੈਕਚਰ ਹੈ ਪਾਤਸ਼ਾਹ ਜੀ ਦੀ ਬਖਸ਼ਿਸ਼ ਨਾਲ ਹਰ ਨੌਜਵਾਨ ਗੁਰਮਤਿ, ਗੁਰਬਾਣੀ ਅਤੇ ਸੰਗੀਤ ਨਾਲ ਜੁੜਿਆ ਹੋਇਆ ਹੈ ਅਤੇ ਆਪਣੇ ਨਾਮਧਾਰੀ ਪਹਿਰਾਵੇ ਵਿੱਚ ਡਿਊਟੀ ਨਿਭਾਉਂਦਾ ਹੈ। ਸੂਬਾ ਬਲਵੀਰ ਸਿੰਘ ਜੀ ਨੇ ਜਿਹੜਾ ਅਖੰਡ ਪਾਠ ਕਰਾਇਆ ਹੈ ਇਹਨਾਂ ਤੇ ਬਖਸ਼ਿਸ਼ ਹੈ ਇਹਨਾਂ ਦੇ ਦਾਦਾ ਜੀ, ਇਹਨਾਂ ਦੇ ਪਿਤਾ ਜੀ ਤੇ ਹੁਣ ਸੂਬਾ ਜੀ ਆਪ ਅਜਿਹੇ ਸਤਿਗੁਰੂ ਜੀ ਦੇ ਪਿਆਰੇ ਸਿੱਖ ਨੇ ਜਿਨ੍ਹਾਂ ਨੇ ਪੁਸ਼ਤਾਂ ਤੋਂ ਸੋਧ ਸੰਭਾਲੀ ਹੋਈ ਹੈ। ਸੂਬਾ ਜੀ ਦੇ ਜੀਵਨ ਤੋਂ ਸਿਖਿਆ ਲੈਕੇ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਸਰੀ ਵੈਨਕੂਵਰ ਦੇ ਸੈਂਕੜੇ ਨੌਜਵਾਨ ਸੋਧ ਮਰਯਾਦਾ ਰੱਖਦੇ ਨੇ। ਪਾਤਸ਼ਾਹ ਜੀ ਸੂਬਾ ਜੀ ਅਤੇ ਸਾਧ ਸੰਗਤ ਦੇ ਸਿਰ ਤੇ ਹੱਥ ਰੱਖਕੇ ਖੁਸ਼ੀਆਂ ਬਖਸ਼ ਰਹੇ ਨੇ।

**ਡਾ. ਗੁਰਦੇਵ ਸਿੰਘ ਸਿੱਧੂ–** ਡਾ. ਗੁਰਦੇਵ ਸਿੰਘ ਸਿੱਧੂ ਜੀ ਨੇ ਆਖਿਆ ਕਿ ਉਹਨਾਂ ਲਈ ਸੁਭਾਗਾ ਸਮਾਂ ਹੈ ਕਿ ਉਹ ਕੈਨੇਡਾ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀ ਮਹਿਕਦੀ ਫੁਲਵਾੜੀ ਦੇ ਦਰਸ਼ਨ ਕਰ ਰਹੇ ਨੇ। ਉਹਨਾਂ ਕਿਹਾ ਕਿ 100 ਸਾਲ ਪਹਿਲਾਂ ਇੱਥੋਂ ਹੀ ਕੈਨੇਡਾ ਅਤੇ ਅਮਰੀਕਾ ਤੋਂ ਗਦਰ ਪਾਰਟੀ ਵਾਲਿਆਂ ਨੇ ਭਾਰਤ ਦੀ ਆਜ਼ਾਦੀ ਦਾ ਬੀੜਾ ਚੁੱਕਿਆ ਸੀ ਉਹਨਾਂ ਨੂੰ ਜਿਥੋਂ ਪ੍ਰੇਰਨਾ ਮਿਲੀ ਸੀ ਉਹਨਾਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਪ੍ਰਮੁੱਖ ਸਨ। ਨਾਮਧਾਰੀਆਂ ਦੀਆਂ ਕੁਰਬਾਨੀਆਂ ਤੋਂ ਸਬਕ ਲੈਕੇ ਉਹਨਾਂ ਭਾਰਤ ਨੂੰ ਅੰਗਰੇਜ਼ ਦੇ ਜ਼ਾਲਮ ਪੰਜੇ 'ਚੋਂ ਮੁਕਤ ਕਰਾਉਣ ਦਾ ਰਾਹ ਅਖਤਿਆਰ ਕੀਤਾ ਸੀ। ਨਾਮਧਾਰੀ ਸੰਪਰਦਾ ਦੀ ਨਿਰੰਤਰਤਾ ਬਰਕਰਾਰ ਹੈ ਜਿਹੜੀਆਂ ਗੂੰਜਾਂ ਗੁਰੂ ਰਾਮ ਸਿੰਘ ਜੀ ਦੇ ਸਮੇਂ ਪਈਆਂ ਸਨ ਉਹੀ ਨਿਰੰਤਰਤਾ ਅੱਜ ਤੱਕ ਵੀ ਜਾਰੀ ਹੈ। ਡਾ. ਸਾਹਿਬ ਨੇ ਆਖਿਆ ਕਿ ਭਉ ਤੇ ਭਾਉ ਦੀ ਗਲ ਚਲੀ ਸੀ ਦੇਖਕੇ ਬਹੁਤ ਖੁਸ਼ੀ ਹੋਈ ਹੈ। ਭਾਵੇਂ ਵਰਤਮਾਨ ਸੱਚੇ ਪਾਤਸ਼ਾਹ ਸਰੀਰਕ ਰੂਪ ਵਿੱਚ ਅੱਜ ਹਾਜ਼ਰ ਨਹੀਂ ਹਨ ਪਰ ਉਹਨਾਂ ਦਾ ਭਾਉ ਅਤੇ ਪ੍ਰੇਮ ਹੀ ਹੈ ਕਿ ਅੱਜ ਉਹਨਾਂ ਦਾ ਆਸਣ ਤੁਸੀਂ ਏਥੇ ਰੱਖਿਆ ਹੋਇਐ।ਬਹੁਤ ਵੱਡੀ ਗਲ ਹੈ ਆਪਣੇ ਇਸ਼ਟ ਨੂੰ ਹਰ ਸਮੇਂ ਸਾਹਮਣੇ ਰੱਖਣਾ। ਉਹਨਾਂ ਦਾ ਭਾਉ ਮਨ ਵਿੱਚ ਹੋਵੇ ਤਾਂ ਕੋਈ ਬੁਰਾ ਕੰਮ ਹੋ ਹੀ ਨਹੀਂ ਸਕਦਾ।

ਦੁਨੀਆਂ ਵਿੱਚ ਨਾਮਧਾਰੀਆਂ ਦੀ ਸੰਖਿਆ ਜਿੰਨੀ ਵੀ ਹੈ ਉਸ ਤੋਂ ਵੱਧ ਉਹਨਾਂ ਨੇ ਨਾਮ ਕਮਾਇਆ ਹੈ ਭਾਵੇਂ ਉਹ ਕੋਈ ਵੀ ਖੇਤਰ ਹੋਵੇ। ਖੇਡਾਂ ਹੋਣ, ਇੰਡਸਟਰੀ ਹੋਵੇ, ਸਿੱਖਿਆ ਹੋਵੇ ਉਹਨਾਂ ਦਾ ਨਾਂਅ ਹਰ ਪਾਸੇ ਅੱਗੇ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਹੱਥੀਂ ਲਿਖੀਆਂ ਜਾਂਦੀਆਂ ਸਨ ਉਹਨਾਂ ਨੂੰ ਪ੍ਰਕਾਸ਼ਿਤ ਕਰਾਉਣ ਦੀ ਪਹਿਲ ਸਤਿਗੁਰੂ ਰਾਮ ਸਿੰਘ ਜੀ ਨੇ ਕੀਤੀ। ਲਾਹੌਰ ਤੋਂ ਦਿਵਾਨ ਬੂਟਾ ਸਿੰਘ ਦੀ ਆਫ਼ਤਾਬ ਪ੍ਰੈਸ ਤੋਂ ਪਹਿਲੀ ਵਾਰ ਚੰਡੀ ਦੀ ਵਾਰ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਛਪਾਈਆਂ। ਭਾਵੇਂ ਦੁਨੀਆਂ ਭਰ ਵਿੱਚ ਧਰਮ ਦਾ ਅਸਰ ਘਟ ਰਿਹੈ ਪਰ ਇਕ ਨਾਮਧਾਰੀ ਭਾਈਚਾਰਾ ਐਸਾ ਹੈ ਜਿਹੜਾ ਆਪਣੇ ਰਹਿਣ ਸਹਿਣ, ਰਹਿਤ ਮਰਿਆਦਾ ਤੇ ਪੈਰ੍ਹਾ ਦੇ ਰਿਹੈ। ਅਸੀਂ ਕਹਿੰਦੇ ਹਾਂ ਕਿ

ਸਰੀ ਪੰਜਾਬ ਹੈ ਜੇਕਰ ਇਥੇ ਨਾਮਧਾਰੀ ਨਾ ਹੁੰਦੇ ਤਾਂ ਸਰੀ ਨੂੰ ਸਹੀ ਪੰਜਾਬ ਨਹੀਂ ਸੀ ਮੰਨਿਆਂ ਜਾਣਾ। ਤੁਹਾਡੀ (ਨਾਮਧਾਰੀਆਂ) ਹੋਂਦ ਇੱਥੇ ਸਰੀ ਨੂੰ ਸਹੀ ਪੰਜਾਬ, ਕਲਪਣਾ ਦਾ ਪੰਜਾਬ ਬਣਾਉਣ ਵਿੱਚ ਸਹਾਇਕ ਸਿੱਧ ਹੁੰਦੀ ਹੈ।

**ਸ. ਜੈਤੇਗ ਸਿੰਘ ਅਨੰਤ–** ਸ. ਜੈਤੇਗ ਸਿੰਘ ਅਨੰਤ ਜੀ ਨੇ ਆਖਿਆ ਕਿ ਮੈਨੂੰ ਬਹੁਤ ਖੁਸ਼ੀ ਹੈ ਕਿ ਮੈਨੂੰ ਅੱਜ ਸੰਗਤ ਵਿੱਚ ਹਾਜ਼ਰੀ ਭਰਨ ਦਾ ਮੌਕਾ ਮਿਲਿਆ ਹੈ। ਉਹਨਾਂ ਪੁਰਾਤਨ ਸਮੇਂ ਨੂੰ ਯਾਦ ਕਰਦਿਆਂ ਆਖਿਆ ਕਿ ਜਦੋਂ ਮੇਰੇ ਬਾਬਾ (ਸਤਿਗੁਰੂ) ਜਗਜੀਤ ਸਿੰਘ ਜੀ ਨਾਲ ਨੇੜਲੇ ਸੰਬੰਧ ਰਹੇ ਨੇ 35 ਕੁ ਸਾਲ ਹੋ ਚੁੱਕੇ ਨੇ। ਮੈਨੂੰ ਦੁਨੀਆਂ ਭਰ ਵਿੱਚ, ਭੈਣੀ ਸਾਹਿਬ ਵਿਖੇ ਇੰਗਲੈਂਡ, ਥਾਈਲੈਂਡ, ਪੋਰਸ ਗੇਟ ਤੇ ਪਾਤਸ਼ਾਹ ਜੀ ਦੀ ਕੋਠੀ ਵਿੱਚ, ਗੱਡੀਆਂ ਵਿੱਚ, ਬਹੁਤ ਨੇੜਿਉਂ ਠਾਠ ਬਾਠ ਵੇਖਣ ਅਤੇ ਮਾਨਣ ਦਾ ਮੌਕਾ ਮਿਲਿਐ। ਉਹਨਾਂ ਦੱਸਿਆ ਕਿ ਇਕ ਵਾਰ ਅਚਾਨਕ ਸੱਚੇ ਪਾਤਸ਼ਾਹ ਜੀ ਦਾ ਸੁਨੇਹਾਂ ਆਉਣ ਤੇ ਉਹ ਬਿਨ੍ਹਾਂ ਤਿਆਰ ਹੋਏ ਤੋਂ ਬਾਬਾ (ਸਤਿਗੁਰੂ) ਜੀ ਨੂੰ ਐਲਬਮ ਭੇਂਟ ਕਰਨ ਚਲੇ ਗਏ। ਐਲਬਮ ਭੇਟ ਕਰਨ ਤੋਂ ਬਾਅਦ ਉਹਨਾਂ ਬੜੇ ਪਿਆਰ ਨਾਲ ਇੱਛਾਰੇ ਨਾਲ ਆਖਿਆ ਤੁਸੀਂ ਕਲਫ ਲਾਉਂਦੇ ਹੋ, ਯਤਨ ਕਰੋ ਕਿ ਬਚਿਆ ਜਾ ਸਕੇ। ਉਸ ਤੋਂ ਬਾਅਦ ਮੈਂ ਅੱਜ ਤੱਕ ਮੁੜਕੇ ਕਲਫ ਨਹੀਂ ਲਗਾਈ। ਉਸ ਤੋਂ ਮਹੀਨੇ ਦੋ ਮਹੀਨੇ ਬਾਅਦ ਜਦੋਂ ਮੈਂ ਬਾਬਾ (ਸਤਿਗੁਰੂ) ਜੀ ਦੇ ਸਨਮੁੱਖ ਹੋਇਆ ਤਾਂ ਉਹਨਾਂ ਇਸ਼ਾਰਾ ਕਰਕੇ ਹੱਸਕੇ ਆਖਿਆ ਅੱਜ ਤੁਸੀਂ ਬੜੇ ਸਮਾਰਟ ਲੱਗ ਰਹੇ ਹੋ। ਮੇਰੇ ਵਾਸਤੇ ਇਹ ਬਹੁਤ ਵੱਡਾ ਵਰਦਾਨ ਸੀ। ਨਾਮਧਾਰੀਆਂ ਨੇ ਕਲਾਸੀਕਲ ਸੰਗੀਤ ਨੂੰ ਹਰ ਤਰ੍ਹਾਂ ਨਾਲ ਸੰਭਾਲ ਕੇ ਰੱਖਿਐ। ਨਾਮਧਾਰੀਆਂ ਦੇ ਸਮਾਗਮਾਂ ਵਿੱਚ, ਭੈਣੀ ਸਾਹਿਬ ਵਿੱਚ ਸੰਗੀਤ ਦੀਆਂ ਤਰੰਗਾਂ ਫਿਜ਼ਾ ਵਿੱਚ ਗੂੰਜਦੀਆਂ ਨੇ। ਬਾਬਾ ਜੀ ਵੱਡੇ ਵੱਡੇ ਸੰਗੀਤਕਾਰਾਂ ਨੂੰ ਸਿਰ ਤੇ ਹੱਥ ਰੱਖਕੇ ਨਿਵਾਜ਼ਦੇ ਰਹੇ।

**ਜੱਥੇਦਾਰ ਗੁਰਲਾਲ ਸਿੰਘ–** ਜੱਥੇਦਾਰ ਗੁਰਲਾਲ ਸਿੰਘ ਜੀ ਨੇ ਬਹੁਤ ਹੀ ਪ੍ਰਭਾਵਸ਼ਾਲੀ ਹੱਲੇ ਦਾ ਦਿਵਾਨ ਲਗਾਇਆ। ਉਹਨਾਂ ਗੁਰਬਾਣੀ ਦੇ ਸ਼ਬਦ "ਸਤਿਗੁਰ ਹੋਇ ਦਇਆਲੁ ਤ ਸਰਧਾ ਪੂਰੀਐ" ਅਤੇ "ਜਿਸ ਦਾ ਦਿੱਤਾ ਖਾਵਣਾ ਤਿਸੁ ਕਹੀਐ ਸਾਬਾਸਿ" ਦੇ ਵਿਸ਼ੇ ਦੇ ਅਧਾਰ ਤੇ ਦਿਵਾਨ ਸਜਾਇਆ। ਜੱਥੇਦਾਰ ਜੀ ਨੇ ਆਖਿਆ ਕਿ ਬਰਤਨ ਉਹਨਾਂ ਲੋਕਾਂ ਦੇ ਭਰਦੇ ਨੇ ਜਿਨ੍ਹਾਂ ਦਾ ਮੁੱਖ ਆਪਣੇ ਗੁਰੂ ਵੱਲ ਹੁੰਦੈ। ਜਿਹੜੇ ਮਰਿਯਾਦਾ ਰੱਖਦੇ ਨੇ, ਸਤਿਗੁਰ ਦਾ ਹੁਕਮ ਮੰਨਦੇ ਨੇ,ਨਾਮ ਸਿਮਰਨ ਕਰਦੇ ਨੇ। ਉਹਨਾਂ ਨੂੰ ਸੱਚੇ ਪਾਤਸ਼ਾਹ ਖੁਸ਼ੀਆਂ ਦੇ ਭੰਡਾਰ ਬਖਸ਼ਦੇ ਨੇ। ਜੱਥੇਦਾਰ ਜੀ ਨੇ ਆਖਿਆ ਕਿ ਜਿਵੇਂ ਚੰਦਰਮਾ ਤੋਂ ਬਿਨਾਂ ਰਾਤ ਸੁੰਨੀ ਹੋ ਜਾਇਆ ਕਰਦੀ ਹੈ ਇਸੇ ਤਰ੍ਹਾਂ ਗਿਆਨ ਅਤੇ ਸਿਮਰਨ ਤੋਂ ਬਿਨਾਂ ਹਿਰਦੇ ਵਿੱਚ ਅੰਧਕਾਰ ਛਾ ਜਾਂਦੈ। ਸਿੱਖੀ ਕੁਦਰਤ ਨਾਲ ਜੋੜਦੀ ਐ। ਰਹਿਤ ਮਰਿਆਦਾ, ਅੰਮ੍ਰਿਤ ਵੇਲੇ ਜਾਗਣ ਦੀ ਮਹਾਨਤਾ ਅਤੇ ਗੁਰਸਿੱਖ ਦੇ ਜੀਵਨ ਦੇ ਨਿਤਕਰਮ ਦੀ ਗੱਲ ਕਰਦਿਆਂ ਅਤੇ ਸੂਬਾ ਬਲਵੀਰ ਸਿੰਘ ਜੀ ਬਾਰੇ ਜਾਣਕਾਰੀ ਦਿੰਦਿਆਂ ਜੱਥੇਦਾਰ ਜੀ ਨੇ ਦੱਸਿਆ ਕਿ ਮੈਂ ਸਰੀ ਵੈਨਕੂਵਰ ਦੇ ਨੌਜਵਾਨਾਂ ਨੂੰ ਪੁੱਛਿਆ ਕਿ ਤੁਹਾਨੂੰ ਚੰਗਾ ਕੀ ਲਗਦੈ ਤਾਂ ਨੌਜਵਾਨਾਂ ਨੇ ਆਖਿਆ ਸਾਨੂੰ ਗੁਰਦੁਆਰੇ ਆਉਣਾ ਚੰਗਾ ਲੱਗਦੈ ਕਿਉਂਕਿ ਗੁਰਦੁਆਰੇ ਸੂਬਾ ਜੀ ਸਾਨੂੰ ਮਰਿਆਦਾ ਰੱਖਣੀ ਸਿਖਾਉਂਦੇ ਨੇ, ਸਰੀਰ ਦੀ ਪਵਿੱਤਰਤਾ ਰੱਖਣੀ ਸਿਖਾਉਂਦੇ ਨੇ,ਮਨ ਦੀ ਪਵਿੱਤਰਤਾ ਬਾਰੇ ਦੱਸਦੇ ਨੇ,ਸਿਮਰਨ ਭਜਨ ਬੰਦਗੀ ਕਰਵਾਉਂਦੇ ਵੀ ਨੇ ਅਤੇ ਸਿਮਰਨ ਕਰਨ ਦੀਆਂ ਵਿਧੀਆਂ ਵੀ ਦੱਸਦੇ ਨੇ। ਅਸੀਂ ਸੋਧ ਮਰਯਾਦਾ ਵੀ ਰੱਖਦੇ ਹਾਂ ਤੇ ਗੁਰਦੁਆਰੇ ਆਉਣਾ ਸਾਨੂੰ ਚੰਗਾ ਲੱਗਦੈ। ਜੱਥੇਦਾਰ ਜੀ ਨੇ ਆਖਿਆ ਸੂਬਾ ਜੀ ਦੇ ਪਰਿਵਾਰ ਦਾ ਪਲ ਪਲ ਗੁਰਸਿੱਖੀ ਨੂੰ ਸਮਰਪਿਤ ਹੈ। ਉਹਨਾਂ ਸੂਬਾ ਜੀ ਬਾਰੇ ਆਖਿਆ ਕਿ ਸੂਬਾ ਜੀ ਦੀ ਸਤਿਗੁਰ ਦੇ ਦਰ ਤੋਂ ਇਹੀ ਮੰਗ ਹੈ ਕਿ ਜਿਵੇਂ ਪਿੱਛੇ ਤੋਂ ਨਿਭਦੀ ਆਈ ਹੈ ਅੱਗਿਓਂ ਵੀ ਉਵੇਂ ਹੀ ਨਿਭਦੀ ਰਹੇ। ਸਤਿਗੁਰ ਨਾਲ ਬਣ ਆਵੇ। ਅਖੀਰ ਵਿੱਚ ਉਹਨਾਂ ਸਤਿਗੁਰੂ ਜੀ ਪ੍ਰਤੀ ਇਹ ਧਾਰਨਾਪੜਦਿਆਂ ਸਜ਼ਦਾ ਕੀਤਾ –

ਦਾਤਾ ਤੇਰੀ ਜੋਤ ਮੈਂ ਜਗਾਵਾਂ ਦਿਨ ਰਾਤ।<br>
ਗੁਰੂ ਜਗਜੀਤ ਨੂੰ ਧਿਆਵਾਂ ਦਿਨ ਰਾਤ।

**ਸੂਬਾ ਹਰਜੀਤ ਸਿੰਘ ਮੁਠੱਡਾ–** ਜੀ ਨੇ ਸੰਬੋਧਿਤ ਹੁੰਦਿਆਂ ਦੱਸਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੂਬਾ ਬਲਵੀਰ ਸਿੰਘ ਜੀ ਦੇ ਵਡੇਰੇ ਸੰਤ ਕਰਮ ਸਿੰਘ ਜੀ ਅਤੇ ਅੱਗੋਂ ਖਾਨਦਾਨ ਵਿੱਚ ਗੁਰਸਿੱਖੀ ਅਤੇ ਸੋਧ ਮਰਯਾਦਾ ਦੀ ਅਜਿਹੀ ਬਖਸ਼ਿਸ਼ ਕਿ ਅੱਜ ਤੱਕ ਪਰਿਵਾਰ ਵਿੱਚ ਪੀੜ੍ਹੀਆਂ ਤੋਂ ਗੁਰਸਿੱਖੀ, ਸੋਧ ਮਰਯਾਦਾ ਓਸੇ ਰੂਪ ਵਿੱਚ ਪ੍ਰਚੱਲਤ ਅਤੇ ਪ੍ਰਫੁੱਲਤ ਹੈ। ਉਹਨਾਂ ਇਹ ਵੀ ਦੱਸਿਆ ਕਿ ਸੰਤ ਕਰਮ ਸਿੰਘ ਜੀ ਹਿੰਮਤਪੁਰੇ ਵਾਲਿਆਂ ਨੇ ਸਪੁੱਤਰਾਂ ਦੀ ਦਾਤ ਬਖਸ਼ ਕੇ ਕਿਵੇਂ ਪਰਿਵਾਰ ਤੇ ਕਿਰਪਾ ਕੀਤੀ। ਅੱਗੋਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਮੁਖਾਰਬਿੰਦ ਤੋਂ ਕਿਵੇਂ ਵਿਰਸੇ ਵਿੱਚੋਂ ਸੂਬਾ ਬਲਵੀਰ ਸਿੰਘ ਜੀ ਅਤੇ ਸਮੁੱਚੇ ਪਰਿਵਾਰ ਨੇ ਆਪਣੇ ਪਿਤਾ ਸੰਤ ਭਜਨ ਸਿੰਘ ਜੀ ਦੀ ਗੁਰਸਿੱਖੀ ਦੀ ਜਾਇਦਾਦ

ਸੰਭਾਲੀ। ਸੂਬਾ ਜੀ ਨੇ ਅਖੰਡ ਪਾਠ ਸਾਹਿਬ ਤੇ ਆਈ ਹੋਈ ਸਾਧ ਸੰਗਤ ਦਾ ਕੋਟਾਨ ਕੋਟਿ ਧੰਨਵਾਦ ਕੀਤਾ।

**ਸੰਤ ਸੁਰਿੰਦਰ ਸਿੰਘ ਕੰਗ–** ਜੀ ਨੇ ਆਈ ਹੋਈ ਸੰਗਤ ਦਾ ਧੰਨਵਾਦ ਕਰਦਿਆਂ ਆਖਿਆ ਕਿ ਅੱਜ ਵੱਡਾ ਜੱਗ ਹੋਇਆ ਹੈ। ਇਸ ਤਰਾਂ ਦਾ ਇਹ ਪਹਿਲਾ ਮੇਲਾ ਹੈ ਜਿਸ ਵਿੱਚ ਸਤਿਗੁਰੂ ਜੀ ਦੇ ਪ੍ਰਮੁੱਖ ਹਜ਼ੂਰੀ ਸੇਵਕਾਂ ਨੇ ਭਰਪੂਰ ਹਾਜ਼ਰੀ ਭਰੀ ਹੈ। ਕੰਗ ਸਾਹਿਬ ਨੇ ਇਹ ਵੀ ਆਖਿਆ ਕਿ ਸੂਬਾ ਬਲਵੀਰ ਸਿੰਘ ਜੀ ਨੇ ਆਪਣੇ ਪਰਿਵਾਰ ਅਤੇ ਬੱਚੇ ਨਹੀਂ ਦੇਖੇ ਪਹਿਲਾਂ ਸਾਧ ਸੰਗਤ ਵੇਖੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦਾ ਬਹੁਤ ਧੰਨਵਾਦ ਹੈ ਉਹਨਾਂ ਸਾਨੂੰ ਏਨੇ ਵਧੀਆ ਸੂਬਾ ਜੀ ਦਿੱਤੇ ਹਨ। ਸੂਬਾ ਜੀ ਨੂੰ ਇੱਕ ਬੱਚਾ ਵੀ ਕੁਝ ਕਹਿ ਦੇਵੇ ਸੂਬਾ ਜੀ ਉਸਦੀ ਗੱਲ ਨੂੰ ਵੀ ਨੀਵੇਂ ਹੋਕੇ ਮਾਣ ਦਿੰਦੇ ਨੇ। ਕੰਗ ਸਾਹਿਬ ਜੀ ਨੇ ਇਸ ਸਮੇਂ ਪਰਵਾਰ ਵੱਲੋਂ ਆਈ ਹੋਈ ਸੰਗਤ ਦਾ ਧੰਨਵਾਦ ਕੀਤਾ।

ਇਸ ਸਮੇਂ ਸੂਬਾ ਜੀ ਅਤੇ ਸਰੀ ਦੀ ਸੰਗਤ ਦੇ ਪ੍ਰਮੁੱਖ ਸੰਤ ਸੁਰਿੰਦਰ ਸਿੰਘ ਕੰਗ,ਸੰਤ ਗੁਰਨਾਮ ਸਿੰਘ ਹੋਠੀਆਂ ਅਤੇ ਸੰਤ ਦਲਜੀਤ ਸਿੰਘ ਮਠਾੜੂ ਵੱਲੋਂ ਸ ਜੈਤੇਗ ਸਿੰਘ ਅਨੰਤ ਜੀ ਅਤੇ ਡਾ ਗੁਰਦੇਵ ਸਿੰਘ ਸਿੱਧੂ ਜੀ ਦਾ ਚਿੱਟੀ ਮਾਲਾ ਅਤੇ ਲੋਈ ਗਲ ਵਿੱਚ ਪਾਕੇ ਸਨਮਾਨ ਕੀਤਾ ਗਿਆ। ਇਸ ਅਖੰਡ ਪਾਠ ਸਾਹਿਬ ਦੇ ਸਮਾਗਮ ਵਿੱਚ ਹਜ਼ੂਰ ਪਾਤਸ਼ਾਹ ਸਤਿਗੁਰੂ ਉਦੇ ਸਿੰਘ ਜੀ ਦਾ ਉਹ ਸੁਪਨਾ ਵੀ ਸਾਕਾਰ ਹੁੰਦਾ ਪ੍ਰਤੱਖ ਹੋਇਆ ਜਿਵੇਂ ਕਿ ਪਾਤਸ਼ਾਹ ਜੀ ਅਕਸਰ ਹੀ ਫੁਰਮਾਉਂਦੇ ਹਨ ਕਿ ਸਾਧ ਸੰਗਤ ਪਾਠ ਆਪ ਕਰੇ, ਲੰਗਰ ਆਪ ਹੱਥੀਂ ਬਣਾਵੇ, ਆਪ ਹੱਥੀਂ ਸੇਵਾ ਕਰੇ। ਪਾਤਸ਼ਾਹ ਜੀ ਦਾ ਇਹ ਬਚਨ ਇਸ ਅਖੰਡ ਪਾਠ ਸਾਹਿਬ ਵਿੱਚ ਪਰੀਪੂਰਨ ਹੁੰਦਾ ਵੇਖਿਆ। ਸਰੀ ਵੈਨਕੂਵਰ ਦੀਆਂ ਬੀਬੀਆਂ ਦੀ ਵੱਡੀ ਕਮਾਲ ਹੈ। ਸੰਗਤ ਦੇ ਛਕਣ ਲਈ ਪੂਰੀ ਸੋਧ ਮਰਯਾਦਾ ਵਿੱਚ ਤਰਾਂ ਤਰਾਂ ਦੇ ਮਿਸਠਾਨ ਪਦਾਰਥ, ਮਠਿਆਈਆਂ, ਬਿਸਕੁਟ, ਜੈਮ, ਬਰੈਡ ਸਬਜ਼ੀਆਂ, ਭਾਜੇ, ਚਾਵਲ, ਦਾਲਾ ਬੀਬੀਆਂ ਨੇ ਹੱਥੀਂ ਤਿਆਰ ਕੀਤੇ। ਹੱਥੀਂ ਸੇਵਾ ਕਰਕੇ ਸੰਗਤ ਨੂੰ ਆਪ ਪ੍ਰਸ਼ਾਦਾ ਛਕਾਇਆ।

ਇਸ ਸਮੇਂ ਇਲਾਕੇ ਦੀ ਸਮੁੱਚੀ ਸੰਗਤ, ਰਿਸ਼ਤੇਦਾਰ, ਮਿੱਤਰਾਂ ਤੋਂ ਇਲਾਵਾ ਕੈਨੇਡਾ ਦੀ ਸੰਗਤ ਦੇ ਪ੍ਰਧਾਨ ਸੰਤ ਗੁਰਸੇਵ ਸਿੰਘ ਸੰਧੂ, ਪ੍ਰਧਾਨ ਬਲਦੇਵ ਸਿੰਘ ਨਿੱਝਰ, ਉਸਤਾਦ ਜਸਪਾਲ ਸਿੰਘ ਰੰਧਾਵਾ, ਸੰਤ ਤੇਜਿੰਦਰ ਸਿੰਘ ਮਠਾੜੂ, ਸੰਤ ਰਣਜੀਤ ਸਿੰਘ ਕਲਸੀ ਆਦਿ ਹਾਜ਼ਰ ਸਨ। ਇਹ ਅਖੰਡ ਪਾਠ ਸਾਹਿਬ ਦਾ ਸਮਾਗਮ ਗੁਰਸਿੱਖੀ ਦਾ ਪ੍ਰਚਾਰ ਕਰਦਾ, ਖੁਸ਼ੀਆਂ ਵੰਡਦਾ ਯਾਦਗਾਰੀ ਹੋ ਨਿੱਬੜਿਆ।

**ਡਾ. ਲਖਵੀਰ ਸਿੰਘ ਨਾਮਧਾਰੀ**

................................................................

## ਪੰਜ ਭਾਦਰੋਂ ਦਾ ਮੇਲਾ

24 ਅਗਸਤ ਨੂੰ ਖ਼ਬਰ ਮਿਲੀ ਕਿ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਕੱਲ੍ਹ ਨੂੰ ਦਿੱਲੀ ਦਰਸ਼ਨ ਦੇਣਗੇ। ਲਗਪਗ ੨ ਮਹੀਨਿਆਂ ਬਾਅਦ ਸ੍ਰੀ ਸਤਿਗੁਰੂ ਜੀ ਦੀ ਆਮਦ ਬਾਰੇ ਸੁਣਕੇ ਸਾਰੀ ਸਾਧ ਸੰਗਤ ਅੰਦਰ ਖੁਸ਼ੀ ਦਾ ਠਿਕਾਣਾ ਨਹੀਂ ਸੀ। ੨੫ ਅਗਸਤ ਨੂੰ ਦੁਪਹਿਰ ੩:੩੦ ਕੁ ਵਜੇ ਸ੍ਰੀ ਸਤਿਗੁਰੂ ਜੀ ਬੈਂਗਲੋਰ ਤੋ ਦਿੱਲੀ ਏਅਰਪੋਰਟ ਪਹੁੰਚੇ। ਘੰਟਾ ਕੁ ਫਲਾਈਟ ਲੇਟ ਹੋਣ ਕਰਕੇ ਸੰਗਤ ਕਾਫ਼ੀ ਦੇਰ ਤੋਂ ਇੰਤਜ਼ਾਰ ਕਰ ਰਹੀ ਸੀ। ਗੁਰੂ ਦਰਸ਼ਨ ਕਰਕੇ ਸਿੱਖਾਂ ਦੇ ਹਿਰਦੇ ਖਿਲ ਉਠੇ। ਏਅਰਪੋਰਟ ਤੋਂ ਸਿੱਧਾ ਹੰਸਪਾਲ ਨਿਵਾਸ ਪਹੁੰਚ ਜਲ ਪਾਣੀ ਛਕਿਆ। ਉਪਰੰਤ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਿਖੇ ੫ ਵਜੇ ਦਰਸ਼ਨ ਦਿੱਤੇ ਜਿੱਥੇ ੪ ਵਜੇ ਤੋਂ ਦੀਵਾਨ ਦਾ ਪ੍ਰਵਾਹ ਕ੍ਰਮਵਾਰ ਜਥੇਦਾਰ ਸਵਰਨ ਸਿੰਘ ਤੇ ਜਥੇਦਾਰ ਮਨਜੀਤ ਸਿੰਘ ਜੀ ਦੁਆਰਾ ਚਲ ਰਿਹਾ ਸੀ। ਅੱਜ ਦਾ ਮੇਲਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਚ ਮਨਾਇਆ ਜਾ ਰਿਹਾ ਹੈ।

੫ ਵਜੇ ਨਿੱਤਨੇਮ ਦੀ ਅਰਦਾਸ ਤੋਂ ਬਾਅਦ ਹਜ਼ੂਰੀ ਪ੍ਰਚਾਰਕ ਗੁਰਲਾਲ ਸਿੰਘ ਨੇ ਲੈਕਚਰ ਸ਼ੁਰੂ ਕੀਤਾ। ਲੈਕਚਰ ਦੌਰਾਨ ਉਹਨਾਂ ਨੇ ਦੱਸਿਆ ਕਿ "ਲੋਹ ਲੰਗਰ ਸਤਿਗੁਰੂ ਰਾਮ ਸਿੰਘ ਜੀ ਨੇ ੧੯੬੩ ਚ ਸ੍ਰੀ ਭੈਣੀ ਸਾਹਿਬ ਵਿਖੇ ਸ਼ੁਰੂ ਕੀਤਾ ਸੀ। ਉਹ ਕੇਵਲ ਲੋਹ ਜਾਂ ਲੰਗਰ ਨਹੀਂ ਉਹ ਇਕ ਸਿਧਾਂਤ ਹੈ। ਕੋਈ ਭੁੱਖਾ ਨਾ ਰਹੇ, ਭਾਵੇਂ ਕਸਾਈ ਵੀ ਆ ਜਾਵੇ ਉਸਨੂੰ ਵੀ ਪ੍ਰਸ਼ਾਦਾ ਮਿਲੇ। ਇਸ ਸਦਾ ਵਰਤ ਭਾਵ ਚੌਵੀ ਘੰਟੇ ਚਲਣ ਵਾਲੀ ਲੋਹ– ਲੰਗਰ ਨੂੰ ਚਲਦਾ ਰੱਖਣ ਖਾਤਰ ਕਦੀ ਸਤਿਗੁਰੂ ਹਰੀ ਸਿੰਘ ਜੀ ਨੇ ਇਹ ਬਚਨ ਕੀਤਾ ਸੀ ਕਿ ਭਾਵੇਂ ਮੇਰੇ ਸਰੀਰ ਦੀਆਂ ਹੱਡੀਆਂ ਦਾ ਬਾਲਣ ਵੀ ਝੋਕਣਾ ਪੈ ਜਾਵੇ ਪਰ ਇਹ ਲੋਹ ਬੰਦ ਨਹੀਂ ਹੋਣੀ ਚਾਹੀਦੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਦੋਂ ੧੯੪੭ 'ਚ ਵੰਡ ਦੇ ਸਮੇਂ ਸ੍ਰੀ ਜੀਵਨ ਨਗਰ ਨਾਮਧਾਰੀਆਂ ਦੀ ਰਿਆਸਤ ਕਾਇਮ ਕੀਤੀ ਤਾਂ ਉਸ ਸਮੇਂ ਲੋਹ ਲੰਗਰ ਲਈ ਕੁਝ ਜ਼ਮੀਨ ਰਾਖਵੀਂ ਕਰ ਦਿਤੀ ਤਾਂ ਕਿ

ਲੋਹ ਲੰਗਰ ਦੇ ਖਰਚੇ ਦੀ ਚਿੰਤਾ ਖਤਮ ਹੋ ਜਾਵੇ। ਸਤਿਗੁਰੂ ਜਗਜੀਤ ਸਿੰਘ ਜੀ ਤੋਂ ਬਾਅਦ ਇਸ ਲੋਹ ਲੰਗਰ ਦੀ ਰਾਖਵੀਂ ਜ਼ਮੀਨ ਉੱਤੇ ਕੁਝ ਸ਼ਰਾਰਤੀ ਅਨਸਰਾਂ ਵਲੋਂ ਕਬਜਾ ਕਰਕੇ ਉਸ ਚੋਂ ਪੈਦਾ ਹੁੰਦੀ ਆਮਦਨ ਨੂੰ ਮਨ ਮਰਜ਼ੀਆਂ ਲਈ ਵਰਤਣਾ ਸ਼ੁਰੂ ਕੀਤਾ। ਅੱਜ ਫਿਰ ਉਸ ਜ਼ਮੀਨ ਨੂੰ ਵਾਪਸ ਲੈਣ ਲਈ ਨਾਮਧਾਰੀ ਪੰਥ ਨੂੰ ਸੁਚੇਤ ਹੋਣ ਦੀ ਲੋੜ ਹੈ। ਉਹ ਜ਼ਮੀਨ ਸਰਕਾਰੀ ਕਾਗਜਾਂ ਵਿੱਚ ਵੀ ਲੋਹ ਲੰਗਰ ਸ੍ਰੀ ਭੈਣੀ ਸਾਹਿਬ ਦੇ ਸਰਬਰਾਹ ਭਾਵ ਸਤਿਗੁਰੂ ਉਦੇ ਸਿੰਘ ਜੀ ਦੀ ਦੇ ਨਾਮ ਹੈ।

ਉਪਰੰਤ ਨਿਸ਼ਾਨ ਸਿੰਘ ਦਿੱਲੀ ਨੇ ਬੋਲਦਿਆਂ ਦਸਿਆ ਕਿ "ਕੁਝ ਲੋਕ ਇਹ ਗੱਲਾਂ ਕਰ ਰਹੇ ਹਨ ਕਿ ਜ਼ਮੀਨਾਂ ਸਾਧ ਸੰਗਤ ਦੀਆਂ ਹਨ। ਸਿੱਖੀ ਵਿੱਚ ਸਭ ਕੁਝ ਗੁਰੂ ਦਾ ਹੁੰਦਾ ਹੈ। ਜਿੰਨਾ ਚਿਰ ਜੀਵਨ ਨਗਰ ਇਲਾਕੇ 'ਚ ਵਸਦੇ ਨਾਮਧਾਰੀ ਸਿੱਖਾਂ ਅੰਦਰ ਇਹ ਭਾਵਨਾ ਰਹੀ ਕਿ ਜ਼ਮੀਨਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਕਿਰਪਾ ਸਦਕਾ ਹਨ ਓਨਾ ਚਿਰ ਉਹ ਸਿੱਖੀ 'ਚ ਸਾਬਤ ਰਹੇ। ਪਰ ਜਦੋਂ ਕੁਝ ਸਰੀਰਾਂ ਅੰਦਰ ਇਹ ਭਾਵ ਆਇਆ ਕਿ ਜ਼ਮੀਨਾਂ ਸਾਡੀਆਂ ਹਨ, ਸਤਿਗੁਰੂ ਪ੍ਰਤਾਪ ਸਿੰਘ ਨੇ ਸਾਨੂੰ ਵੰਡ ਠੀਕ ਨਹੀਂ ਕੀਤੀ, ਉਦੋ ਹੀ ਉਹ ਲੋਕ ਸਤਿਗੁਰੂ ਜੀ ਦੇ ਵਿਰੋਧੀ ਬਣ ਗਏ, ਝੂਠੇ ਮੁਕਦਮੇ ਕਰ ਦਿੱਤੇ ਤੇ ਨਿੰਦਿਆ ਕਰਨ ਲਗ ਪਏ। ਇਸ ਲਈ ਸੰਗਤ ਨੂੰ, ਇਸ ਤਰਾਂ ਦੀਆਂ ਭੜਕਾਊ ਗਲਾਂ ਕਰਨ ਵਾਲਿਆਂ ਕੋਲੋਂ ਸੁਚੇਤ ਰਹਿਣਾ ਚਾਹੀਦਾ ਹੈ ਜੋ ਸਤਿਗੁਰੂ ਨਾਲੋ ਸੰਗਤ ਨੂੰ ਵੱਡਿਆਂ ਸਾਬਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਉਪਰੰਤ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੇ ੧੫ ਪਾਠਾਂ ਦੇ ਭੋਗ ਪਾਏ ਗਏ। ਅਰਦਾਸ ਉਪਰੰਤ ੩ ਨਾਮਧਾਰੀ ਸਰੀਰਾਂ ਨੂੰ "ਸਾਲਾਨਾ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਯਾਦਗਾਰੀ ਸਨਮਾਨ" ਨਾਲ ਸਨਮਾਨਿਤ ਕੀਤਾ ਗਿਆ ਜੋ ਉੱਚ ਵਿੱਦਿਆ ਹਾਸਲ ਕਰਕੇ ਕਿਸੇ ਉੱਚ ਪਦਵੀ ਉਤੇ ਨੌਕਰੀ ਕਰ ਰਹੇ ਹਨ। ਸਨਮਾਨਿਤ ਸਜਣ ਇਹ ਹਨ- Gurmeet Singh, PhD from IIT Delhi, Deputy General Manager at IndianOil R&D Centre, Sukhdeep Kaur, PhD from IIT Delhi, Chief Research Manager at IndianOil R&D Centre, Sahdev Singh Aneja Profession: Flight Lieutenant in Indian Air Force posted in Chandigarh.

ਸਨਮਾਨ ਉਪਰੰਤ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ, ਸਤਨਾਮ ਸਿੰਘ ਤੇ ਸਰਮੁਖ ਸਿੰਘ ਨੇ ਦਿੱਲੀ ਦੇ ਸਥਾਨਕ ਰਾਗੀਆਂ ਸਹਿਤ ਕੀਰਤਨ ਕੀਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦਗਾਰੀ ਮੇਲੇ ਦੀ ਸੇਵਾ ਸਵਰਗੀ ਸੰਤ ਮੱਖਣ ਸਿੰਘ ਭੁਰਜੀ ਪਰਿਵਾਰ ਵਲੋਂ ਹੋਈ। ਪਰਿਵਾਰ ਦੇ ਮੁਖੀਆਂ 'ਚੋ ਸੂਬਾ ਅਰਵਿੰਦ ਸਿੰਘ ਜੀ ਵਲੋਂ ਸਹਿਤ ਪਰਿਵਾਰ ਮਿਲਕੇ ਸਤਿਗੁਰੂ ਜੀ ਨੂੰ ਭੇਟਾਵਾਂ ਮੱਥਾ ਟੇਕ ਧੰਨਵਾਦ ਕੀਤਾ ਗਿਆ।

ਮੇਲੇ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਕਲੋਨੀ ਤੇ ਬਾਲੀ ਨਗਰ ਵਿਖੇ ੪ ਘਰਾਂ 'ਚ ਚਰਨ ਪਾਉਣ ਦੀ ਕਿਰਪਾ ਕੀਤੀ। ਸੇਵਕਾਂ ਦੀ ਮਨ ਭਾਵਨਾ ਨੂੰ ਪੂਰਨ ਕਰਦਿਆਂ ਹੋਇਆ ੪ ਪਰਿਵਾਰਾਂ ਵਲੋਂ ਨਵ ਖਰੀਦੀਆਂ ਗਈਆਂ ਗੱਡੀਆਂ ਨੂੰ ਆਪਣੇ ਚਰਨ ਛੂਹ ਨਾਲ ਨਿਵਾਜ਼ਿਆ।

**ਜਥੇ. ਨਿਸ਼ਾਨ ਸਿੰਘ ਦਿਲੀ**

.......................................................

## ਦਿੱਲੀ ਵਿਖੇ ਸਾਲਾਨਾ ਜਪ ਪ੍ਰਯੋਗ ਸ਼ੁਰੂ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਵਿਖੇ ਸਾਲਾਨਾ ਜਪ ਪ੍ਰਯੋਗ ਦੀ ਸ਼ੁਰੂਆਤ 26 ਅਗਸਤ ਦਿਨ ਸੋਮਵਾਰ ਨੂੰ ਕੀਤੀ ਗਈ। ਸਵੇਰੇ 4 ਵਜੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ 'ਚ ਸੇਵਕ ਆਸਾ ਸਿੰਘ ਜੀ ਨੇ ਇਸ ਜਪ ਪ੍ਰਯੋਗ ਦੀ ਸ਼ੁਰੂਆਤੀ ਅਰਦਾਸ ਕੀਤੀ। ਇਕ ਮਹੀਨਾ ਚੱਲਣ ਵਾਲੇ ਇਸ ਸਮਾਗਮ ਕੁ ਰੋਜ਼ਾਨਾ ਅੰਮ੍ਰਿਤ ਵੇਲੇ 4 ਤੋਂ 6 ਵਜੇ ਤੱਕ ਨਾਮ ਸਿਮਰਨ ਕੀਤਾ ਜਾਏਗਾ।

ਇਸੀ ਦੌਰਾਨ 4:30 ਤੋਂ 6 ਵਜੇ ਤੱਕ ਆਸਾ ਦੀ ਵਾਰ ਦੇ ਕੀਰਤਨ ਦੀ ਸੇਵਾ ਵੀ ਵੱਖ-ਵੱਖ ਜਥਿਆਂ ਦੁਆਰਾ ਨਿਭਾਈ ਜਾਏਗੀ। ਵੱਡੀ ਗਿਣਤੀ 'ਚ ਮਾਈਆਂ ਤੇ ਭਾਈਆਂ ਨੇ ਅੰਮ੍ਰਿਤ ਛੱਕ ਕੇ ਇਹ ਪ੍ਰਣ ਲਿਆ ਹੈ ਕਿ ਉਹ ਇਕ ਮਹੀਨੇ ਲਈ ਬਾਜ਼ਾਰ ਦੇ ਭੋਜਨ ਦਾ ਤਿਆਗ ਕਰਨਗੇ। ਅੱਜ ਦਾ ਮੇਲਾ ਸਵਰਗੀ ਸੰਤ ਸ਼ਮਸ਼ੇਰ ਬਹਾਦਰ ਸਿੰਘ ਜੀ ਦੇ ਪਰਿਵਾਰ ਵਲੋਂ ਕੀਤਾ ਗਿਆ।

**ਜਥੇ. ਨਿਸ਼ਾਨ ਸਿੰਘ ਦਿਲੀ**

.......................................................

## UK Daura 2024: A Journey of Reflection, Humility, and Spiritual Growth

The UK Daura, a sacred gathering held from July 26th to August 2nd, 2024, was a deeply enriching experience, marked by profound spiritual discourses, soul-stirring music, and a strong sense of community. The event offered a unique opportunity for the Namdhari Sangat to reflect on their spiritual journeys, reconnect and draw closer to the teachings of Satguru Ji.

**July 26th: A Grand Welcome and the Power of Humility**

The Daura commenced with Satguru Ji's arrival at SSPC Southall, where the atmosphere was charged with anticipation of Sat Guru Ji's arrival. The evening program featured a thought-provoking discourse by Jathedaar Nishaan Singh Ji, who emphasised the importance of introspection and humility. He reflected on the Gurbani verse:

ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ॥
ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ॥

Jathedaar Ji urged the congregation to turn inward and avoid projecting anger onto others. He highlighted that true pride should lie in our Guru, not in our worldly status, which often feeds our ego. By letting go of this ego, one can connect with the Almighty within, eliminating the need to seek Him externally.

**July 27th: Lessons on Jealousy and Selfless Service**

The morning of July 27th began with Asa Di Vaar, followed by an insightful talk by Bibi Daljit Kaur Ji on jealousy and the ultimate spiritual aim. She drew upon the story of Bhai Kanayia Ji, who saw everyone on the battlefield as a manifestation of Guru Gobind Singh Ji,

illustrating the power of seeing divinity in all.

A walk with the congregation at Virginia Water Lake.

Sri Baba Anhadraj Singh Ji welcoming and meeting with Satguru Ji

The evening featured a lecture by Pandit Yaadwinder Singh Ji, who spoke about the importance of preparing ourselves for selfless service and Naam Simran. He challenged the Sangat to examine their true desires—whether they genuinely seek to be in love with their Guru or merely appear holy. The lecture was followed by a melodious Keertan by the Hazoori Ragis.

**July 28th: The Influence of Company and the Power of Congregation**

The discourse centred around the significance of congregating with saintly people. Drawing on the analogy of Masaru Emoto's water crystal experiments, it was emphasised that just as water crystals form beautifully when spoken to positively, our minds and spirits are shaped by the company we keep. Associating with peaceful individuals can lead to inner peace, while negative associations can have the opposite effect.

A sangeet bhaitak took place with Satguru Ji's presence at the residence of S.

Charanjeev S Chana on the 28th of July.

**July 29th-31st: Early Rising, Reflection, and the Role of Faith**

The East London Youth led the Vaara on July 29th, followed by a presentation by Rattan Singh Saggu on the importance of waking up early and engaging in Naam Simran. He encouraged the Sangat to conduct themselves with mindfulness and gratitude, appreciating the gifts of life.

On July 30th, the program moved to Leeds, where Satguru Ji were greeted by Jathedar Tarlokh Singh Ji and other representatives from Nishkam Seva.

**South Asian Arts - Leeds**

In the afternoon, Pandit Yaadwinder Singh Ji gave a profound lecture in Leicester on self-reflection and surrender. He likened the merging of rivers into the ocean to the spiritual journey of becoming one with the Almighty. This path, however, requires guidance from a Guru and a deep commitment to self-surrender.

The morning of the 31st July was spent in reflection with Satguru Ji in a park where the youth discussed self awareness and not being able to change others. "We judge others based on a criteria that we define and do not appreciate that everyone thinks differently. We should seek to appreciate the differences that our beloved Almighty has created" Sat Guru Ji shared their views and asked the Sangat to do an ardaas to seek that which makes their beloved happy.

*Drone images by Hakam Singh Bhullar Instagram @hsbdrone

During the walk, Devon Winters was taking pictures of wildlife and nature when he encountered a large congregation of people, all dressed in white. He zoomed in on his camera and noticed these people had adorned a white rosary (mala) and was convinced these people were Sikhs. Mr White had met and sang in the congregation of Sri Satguru Jagjit Singh Ji 25 years ago in Birmingham at the Gurdwara. This experience shaped and left a lifelong impression on Mr White. His routine is to be conscious of God, be respectful and embrace strangers with love, openness and humility.

*Davon Winters Instagram @postcardsfrombohemia

*Davon Winters Instagram @postcardsfrombohemia

*Davon Winters Instagram @postcardsfrombohemia

The theme of faith was explored on July 31st, with Jawand Singh Ji speaking about its critical importance. The CEO of the Vegan Society, Mr. Richard McIlwain, also presented upcoming initiatives, highlighting the intersection of faith and ethical living.

During the Divaan, Jathedaar Nishaan Singh Ji once again stressed the virtues of humility, patience, and forgiveness, with live translation provided for the youth by Sarab Singh.

**August 1st-2nd: Ego, Devotion, and Blessings**

As the Daura drew to a close, Bibi Nirjit Kaur Panesar opened the evening of August

1st with a Shabad focusing on letting go of ego, followed by a musical performance by the Hazoori Ragis.

On August 2nd, the Birmingham youth initiated the Asa Di Vaar, followed by a talk from Bibi Anoop Kaur on seeking sanctuary in the Guru. A special moment was witnessed when Satguru Ji blessed Jagroop Singh Slatch by tying his Dastaar in the congregation. The event concluded with Satguru Ji distributing Ladoo parshad to the Sangat, a gesture of blessing and unity.

**Assa Singh**

.....................................................

## ਮਾਤਾ ਜਸਵਿੰਦਰ ਕੌਰ ਨਮਿਤ ਪਾਠ ਦਾ ਭੋਗ

ਮਾਤਾ ਜਦਵਿੰਦਰ ਕੌਰ ਜੀ 76 ਸਾਲ ਦੀ ਆਯੂ ਭੋਗ ਕੇ 1 ਅਗਸਤ 2024 ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਨਮਿਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ 31 ਅਗਸਤ ਨੂੰ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਇਆ ਗਿਆ।

ਮਾਤਾ ਜਸਵਿੰਦਰ ਕੌਰ ਦਾ ਪੇਕਾ ਘਰ ਗੁਰੂ ਕੀ ਕਾਸ਼ੀ ਪਿੰਡ ਕੱਕੜ ਜ਼ਿਲ੍ਹਾਂ ਅੰਮ੍ਰਿਤਸਰ ਸੀ। ਆਪ ਦੇ ਪਿਤਾ ਦਾ ਨਾਮ ਮੱਖਣ ਸਿੰਘ ਅਤੇ ਮਾਤਾ ਬਲਵੰਤ ਕੌਰ ਸਨ। ਪਿਤਾ ਮੱਖਣ ਸਿੰਘ ਜੀ ਨੇ ਲੰਬਾ ਸਮਾਂ ਸ੍ਰੀ ਭੈਣੀ ਸਾਹਿਬ ਤਬੇਲੇ ਵਿੱਚ ਸੇਵਾ ਕੀਤੀ। ਆਪ ਦਾ ਵਿਆਹ ਟਕਸਾਲੀ ਨਾਮਧਾਰੀ ਪਰਿਵਾਰ ਸ. ਦਲਜੀਤ ਸਿੰਘ ਬਾਸੀ ਨਾਲ ਹੋਇਆ। ਇਸ ਪਰਿਵਾਰ ਦੀ ਰਿਹਾਇਸ਼ ਕਮਾਲਪੁਰ (ਰਾਇਕੋਟ) ਸੀ ਅਤੇ



ਬਾਅਦ ਵਿੱਚ ਫ਼ਗਵਾੜੇ ਰਹੀ। ਸ. ਦਲਜੀਤ ਸਿੰਘ ਦੇ ਪਿਤਾ ਜੀ, ਮਾਤਾ ਜੀਵਨ ਕੌਰ ਦੇ ਲਾਂਗਰੀ ਰਹੇ ਸਨ।

ਮਾਤਾ ਜਸਵਿੰਦਰ ਕੌਰ ਜੀ ਦੇ ਘਰ ਤਿੰਨ ਬੱਚੇ ਹੋਏ ਵੱਡਾ ਪੁੱਤਰ ਮੋਹਨ ਸਿੰਘ, ਲੜਕੀ ਮਨਜੀਤ ਕੌਰ ਅਤੇ ਛੋਟਾ ਪੁੱਤਰ ਕੇਸਰ ਸਿੰਘ ਲਾਡੀ ਜਿਸਨੇ ਮਾਤਾ ਚੰਦ ਕੌਰ ਜੀ ਦੇ ਡਰਾਵਿਰ ਵਜੋਂ ਲੰਬਾ ਸਮਾਂ ਸੇਵਾ ਕੀਤੀ। ਮਾਤਾ ਦੇ ਪੁੱਤ ਪੋਤਰੇ ਨਾਮਧਾਰੀ ਸਿਧਾਤਾਂ ਨਾਲ ਜੁੜੇ ਹੋਏ ਹਨ। ਇਹ ਉਨ੍ਹਾਂ ਦੀ ਜ਼ਿੰਦਗੀ ਦੀ ਕਮਾਈ ਹੈ। 31 ਅਗਸਤ ਨੂੰ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮਾਤਾ ਜੀ ਦੀਆਂ ਅੰਤਿਮ ਰਸਮਾਂ ਸਪੰਨ ਹੋਈਆਂ।

**ਸੰਪਾਦਕ**

.....................................................

## ਸੰਤ ਬਲਕਾਰ ਸਿੰਘ ਜੀ ਦੀ ਯਾਦ ਵਿੱਚ ਮੇਲਾ

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਾਜੇ, ਸਤਿਗੁਰੂ ਜਗਜੀਤ ਸਿੰਘ ਦੁਆਰਾ ਨਿਵਾਜ਼ੇ ਅਤੇ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਦੀ ਵਲੋਂ ਸਤਿਕਾਰੇ ਗਏ ਸ੍ਰੀਮਾਨ ਸੰਤ ਬਲਕਾਰ ਸਿੰਘ ਜੀ 30 ਜੁਲਾਈ ਨੂੰ ਸੰਸਾਰਿਕ ਯਾਤਰਾ ਸੰਪੂਰਨ ਕਰ ਗਏ। 95 ਕੁ ਸਾਲ ਦੀ ਲੰਮੀ ਆਯੂ ਮਾਣਦਿਆਂ ਸੰਤ ਜੀ ਨੇ ਅਨੇਕਾਂ ਐਸੀਆਂ ਪੈੜਾਂ ਪਾਈਆਂ ਜਿੰਨਾ ਦੀ ਯਾਦ ਹਜ਼ਾਰਾਂ ਨਾਮਧਾਰੀ ਬਜ਼ੁਰਗਾਂ, ਨੌਜਵਾਨਾਂ ਅਤੇ ਬੱਚਿਆਂ ਵਿਚ ਤਾਜ਼ਾ ਹਨ। ਸੰਤ ਜੀ ਨਮਿਤ ਅੰਤਿਮ ਅਰਦਾਸ ਸਮਾਗਮ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸ੍ਰੀ ਭੈਣੀ ਸਾਹਿਬ ਵਿਖੇ 1 ਅਗਸਤ ਦਿਨ ਐਤਵਾਰ ਨੂੰ ਹੋਇਆ। ਇਸ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਨਾਮਧਾਰੀ ਟਕਸਾਲੀ ਸ਼ੈਲੀ, ਢੋਲਕ ਛੈਣਿਆਂ ਨਾਲ ਰਾਗੀ ਬਲਵੰਤ ਸਿੰਘ, ਸ਼ਾਮ ਸਿੰਘ, ਸਤਨਾਮ ਸਿੰਘ ਬਿਧੀ ਸਿੰਘ ਢੋਲਕੀ ਤੇ ਸਾਥੀਆਂ ਰਾਹੀਂ ਕੀਤਾ ਗਿਆ। ਜਦੋਂ ਕਦੀ ਇਸੀ ਟਕਸਾਲੀ ਸ਼ੈਲੀ ਦੀ ਅਗਵਾਈ ਕਰਦਿਆਂ ਸੰਤ ਜੀ ਆਸਾ ਦੀ ਵਾਰ ਗਾਉਂਦੇ ਹੁੰਦੇ ਸਨ ਤਾਂ ਵਡੇ ਵੱਡੇ ਰਾਗੀ ਜਾਂ ਗਵਈਏ ਵੀ ਬੁੱਤ ਬਣ ਜਾਇਆ ਕਰਦੇ ਸਨ।

ਦੁਪਹਿਰ ਦੇ ਦੀਵਾਨ ਵਿਚ ਸਭ ਤੋਂ ਪਹਿਲਾਂ ਜਥੇਦਾਰ ਕਮਾਲ ਸਿੰਘ ਜੀ ਨੇ "ਸੇਵਕ ਕੀ ਓੜਕਿ ਨਿਬਹੀ ਪ੍ਰੀਤਿ" ਨੂੰ ਮੁੱਖ ਰੱਖ ਇਕ ਘੰਟਾ ਦੀਵਾਨ ਸਜਾਇਆ। ਉਪਰੰਤ ਇਕ ਘੰਟਾ ਨਾਮ ਸਿਮਰਨ ਕੀਤਾ ਗਿਆ। ਇਸੀ

ਦੌਰਾਨ ਸੰਤ ਜੀ ਨਮਿਤ ੨ ਪਾਠ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਤੇ ਇਕ ਪਾਠ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਦਾ ਭੋਗ ਪਾਇਆ ਗਿਆ। ਅਰਦਾਸ ਉਪਰੰਤ ਸੰਤ ਜੀ ਦੇ ਕਰੀਬੀ ਰਹੇ ਸਜਣਾ ਵਿੱਚੋ ਸੂਬਾ ਬਲਵਿੰਦਰ ਸਿੰਘ ਜੀ ਦੇ ਬੋਲਦਿਆਂ ਦਸਿਆ ਕਿ "ਜੋ ਤਿਨ ਪਾਠਾਂ ਦੇ ਭੋਗ ਅੱਜ ਪਾਏ ਗਏ ਹਨ ਇਹ ਪਾਠ ਸੰਤ ਜੀ ਨੇ ਆਪ ਹੀ ਪਹਿਲਾਂ ਕੀਤੇ ਹੋਏ ਸਨ। ਸੰਤ ਜੀ ਦੀ ਅੰਤਿਮ ਇੱਛਾ ਸੀ ਕਿ ਮੇਰੇ ਭੋਗ ਸਮਾਗਮ ਸਮੇਂ ਮੇਰੀ ਕੋਈ ਤਸਵੀਰ ਨਾ ਲਗਾਈ ਜਾਵੇ ਤਾਂਕਿ ਸਮਾਗਮ ਤੇ ਆਏ ਸੱਜਣ ਮਿੱਤਰ ਰਿਸ਼ਤੇਦਾਰ ਮੇਰੀ ਤਸਵੀਰ ਵੱਲ ਧਿਆਨ ਨਾ ਦੇ ਕੇ ਸਤਿਗੁਰੂ ਜੀ ਦਾ ਦਰਸ਼ਨ ਕਰਨ। ਸਾਰਿਆਂ ਦੇ ਧਿਆਨ ਦਾ ਮੁੱਖ ਕੇਂਦਰ ਸਤਿਗੁਰੂ ਹੀ ਹੋਵਣ।"

**ਸ. ਗੁਰਭੇਜ ਸਿੰਘ ਗੁਰਾਇਆ** ਨੇ ਆਪਣੀਆਂ ਪਿਛੋਕੜ ਪਰਿਵਾਰਿਕ ਸਾਂਝਾਂ ਨੂੰ ਤਾਜਾ ਕਰਦਿਆਂ ਦੱਸਿਆ ਕਿ ਮੈਂ ਸੰਤ ਜੀ ਨੂੰ ਤਾਇਆ ਜੀ ਕਹਿ ਕੇ ਸੰਬੋਧਨ ਕਰਿਆ ਕਰਦਾਂ ਸਾਂ। ਮੇਰੇ ਪਿਤਾ ਜੀ ਸੰਤ ਬਲੀ ਸਿੰਘ ਜੀ ਨੇ ਮੈਨੂੰ ਸਮਝਾਉਂਦਿਆਂ ਆਖਿਆ ਕਿ ਤਾਇਆ ਨਹੀਂ ਸੰਤ ਜੀ ਆਖਿਆ ਕਰ। ਓਸੇ ਵੇਲੇ ਸੰਤ ਜੀ ਨੇ ਮੇਰੇ ਪਿਤਾ ਜੀ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਫਿਰ ਕੀ ਹੋਇਆ? ਮੈਂ ਵੀ ਤੁਹਾਡੇ ਪਿਤਾ ਸੰਤ ਤਰਨ ਸਿੰਘ ਜੀ ਨੂੰ ਮਾਸੜ ਜੀ ਹੀ ਕਿਹਾ ਕਰਦਾ ਸਾਂ।

**ਸੰਤ ਨਿਸ਼ਾਨ ਸਿੰਘ ਜੀ** ਨੇ ਦੱਸਿਆ ਕੀ ਸੰਤ ਬਲਕਾਰ ਸਿੰਘ ਜੀ ਚਾਹੁੰਦੇ ਸਨ ਕਿ ਨਾਮਧਾਰੀ ਪੰਥ ਅੰਦਰ ਗੁਰਬਾਣੀ ਦੇ ਉਚਾਰਨ ਪਾਠਾਂ ਦਾ ਅੰਤਰ ਨਹੀਂ ਹੋਣਾ ਚਾਹੀਦਾ। ਉਹ ਚਾਹੁੰਦੇ ਸਨ ਕਿ ਮਾਸਟਰ ਦਰਸ਼ਨ ਸਿੰਘ ਜੀ ਨਾਲ ਬੈਠਕੇ ਸਰਬ ਸਹਿਮਤੀ ਨਾਲ ਇਹ ਕਾਰਜ ਹੋ ਜਾਵੇ। ਪਰ ਮਾਸਟਰ ਜੀ ਵੀ ਪਹਿਲਾਂ ਸਰੀਰ ਤਿਆਗ ਗਏ। ਹੁਣ ਸੰਤ ਬਲਕਾਰ ਸਿੰਘ ਜੀ ਵੀ ਚਲੇ ਗਏ ਨੇ। ਸਤਿਗੁਰੂ ਜੀ ਕਿਰਪਾ ਕਰਨ ਉਹਨਾਂ ਦੀ ਇਹ ਇੱਛਾ ਪੂਰੀ ਹੋ ਸਕੇ।

**ਸ. ਸੁਵਰਨ ਸਿੰਘ ਵਿਰਕ ਜੀ** ਨੇ ਦੱਸਿਆ ਕਿ ਸੰਤ ਜੀ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰੀ ਸੇਵਕ ਹੋਣ ਦਾ ਮਾਣ ਪ੍ਰਾਪਤ ਹੋਇਆ। ਬੀਤੇ ਦੀਆਂ ਪੈੜਾਂ ਚੋ ਇਕ ਬਚਨ ਸੁਣਾਇਆ ਕਿ ਇਕ ਵਾਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਚਨ ਕਰਦਿਆਂ ਦਸਿਆ ਕੀ ਬਲਕਾਰ ਸਿੰਘ ਇਕੋ ਸਮੇਂ 4 ਕੰਮ ਕਰ ਲੈਂਦਾ ਹੈ। ਚੌਰੀ ਵੀ ਕਰਦਾ ਹੈ, ਵਾਰੇ (ਆਸਾ ਦੀ ਵਾਰ) 'ਚ ਗਾਉਂਦਾ ਵੀ, ਮਾਇਆ ਵੀ ਸਾਂਭਦਾ ਹੈ ਤੇ ਨਾਲ ਵਿੱਚ ਵਿਚ ਨੀਂਦ ਦੀ ਝਪਕੀ ਵੀ ਲਗਾ ਲੈਂਦਾ ਹੈ। ਉਹ ਦਸਮ ਪਾਤਸ਼ਾਹ ਜੀ ਦੀ ਬਾਣੀ ਨਾਲ ਏਨਾ ਪਿਆਰ ਕਰਦੇ ਸਨ ਕਿ ਕਈ ਵਾਰੀ ਨਿਖੇੜਾ ਕਰਨ ਲਈ ਬਲਕਾਰ ਸਿੰਘ ਦਸਮ ਗ੍ਰੰਥ ਕਹਿ ਕੇ ਵੀ ਕਈ ਸਰੀਰ ਉਹਨਾਂ ਨੂੰ ਸੰਬੋਧਨ ਕੀਤਾ ਜਾਂਦਾ ਸੀ।

ਸੰਤ ਜੀ ਦੇ ਵਿਦਿਆਰਥੀ ਰਹੇ ਰਾਗੀ ਬਲਵੰਤ ਸਿੰਘ ਜੀ ਨੇ ਆਪਣੇ ਬਚਪਨ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਕਿ ਅਸੀ ਸਾਰੇ ਬੱਚੇ ਉਹਨਾਂ ਨੂੰ 'ਸਰ ਜੀ' ਜਾਂ ਮਾਸਟਰ ਜੀ ਕਿਹਾ ਕਰਦੇ ਸਾਂ। ਸਰ ਜੀ ਦਾ ਸੁਭਾਅ ਗੁੱਸੇ ਵਾਲਾ ਵੀ ਸੀ। ਬੱਚਿਆਂ ਨੂੰ ਪੜ੍ਹਾਉਣ ਲਗਿਆਂ ਗੋਲ ਧਾਰੇ 'ਚ ਬਿਠਾ ਲੈਂਦੇ। ਸਾਰਿਆਂ ਕੋਲ ਪੋਥੀਆਂ ਹੁੰਦੀਆਂ। ਇਕ ਛੋਟਾ ਤੇ ਇਕ ਲੰਮਾ ਡੰਡਾ ਕੋਲ ਰਖਦੇ। ਡੰਡੇ ਦਾ ਨਾਮ ਅਕਲ ਸੁਧਾਰ ਕਹਿੰਦੇ। ਸ਼ਰਾਰਤ ਕਰਨ ਵਾਲੇ ਨੂੰ ਹੱਥਾਂ ਜਾਂ ਡੰਡੇ ਨਾਲ ਸੁਧਾਰਨ ਵਿਚ ਕੋਈ ਗੁਰੇਜ਼ ਨਹੀਂ ਸਨ ਕਰਦੇ ਹੁੰਦੇ। ਪਰ ਉਹਨਾਂ ਦਾ ਇਹ ਗੁੱਸਾ ਵੀ ਸਾਡੇ ਭਲੇ ਲਈ ਹੀ ਸੀ।

ਨਾਮਧਾਰੀ ਪੰਥ ਦੇ ਸਨਮਾਨਿਤ ਬੁਲਾਰਿਆਂ ਤੋ ਬਾਅਦ **ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਪਵਿੱਤਰ ਉਪਦੇਸ਼** ਰਾਹੀਂ ਸੰਤ ਜੀ ਨੂੰ ਯਾਦ ਕਰਦਿਆਂ ਬਚਨ ਕੀਤਾ ਕਿ "ਮੈਨੂੰ ਬਚਪਨ ਤੋਂ ਸੰਤ ਜੀ ਦੀ ਸੰਗਤ ਕਰਨ ਦਾ ਅਵਸਰ ਮਿਲਿਆ। ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਅਸੀ ਸੰਤ ਜੀ ਕੋਲ ਗੁਰਬਾਣੀ ਪੜ੍ਹਨ ਲਈ ਵੀ ਜਾਇਆ ਕਰਦੇ ਸਾਂ। ਸੰਤ ਜੀ ਨੇ ਬੜੇ ਪਿਆਰ ਨਾਲ ਇਹ ਆਖਿਆ ਕਰਨਾ ਕਿ ਤੁਸੀ ਪਾਠ ਬੜਾ ਚੰਗਾ ਕਰਦੇ ਹੋ। ਇਹ ਉਹਨਾਂ ਦਾ ਇਕ ਢੰਗ ਸੀ ਬੱਚਿਆਂ ਨੂੰ ਹਲਾਸ਼ੇਰੀ ਦੇਣ ਦਾ। ਦੋ ਸਾਧੂਆਂ ਦਾ ਉਹ ਸਤਿਕਾਰ ਆਖ਼ਿਰੀ ਸਮੇਂ ਤੱਕ ਦਿਲੋਂ ਕਰਦੇ ਰਹੇ। ਇਕ ਸੰਤ ਜਗਤ ਸਿੰਘ ਜੀ ਖੰਡੂਵਾਲੀਏ, ਜਿੰਨਾ ਕੋਲੋਂ ਉਹਨਾਂ ਨੇ ਗੁਰਬਾਣੀ ਦੀ ਸੰਥਿਆ ਹਾਸਲ ਕੀਤੀ ਸੀ। ਦੂਜੇ ਸਨ ਨਾਮਧਾਰੀ ਜਥੇਦਾਰ ਸੰਤ ਅਤਰ ਸਿੰਘ ਜੀ। ਸੰਤ ਅਤਰ ਸਿੰਘ ਜੀ ਬਾਰੇ ਉਹਨਾਂ ਕੋਲ ਏਨੇ ਬਚਨ ਸਨ ਭਾਵੇਂ ਸਾਰਾ ਦਿਨ ਬੈਠ ਕੇ ਸੁਣੀ ਜਾਓ। ਦੇਸ਼ਾਂ ਵਿਦੇਸ਼ਾਂ 'ਚ ਉਹਨਾਂ ਨੇ ਹਜ਼ਾਰਾਂ ਬੱਚਿਆਂ ਨੂੰ ਗੁਰਬਾਣੀ ਅਤੇ ਵਾਰੇ ਨਾਲ ਜੋੜਿਆ। ਸਿਖਾਉਣ ਸੰਬੰਧੀ ਉਹਨਾਂ ਨੇ ਮਨ ਵਿਚ ਕੋਈ ਲਾਲਚ ਨਹੀ ਸੀ ਹੁੰਦਾ। ਨਿਸ਼ਕਾਮ ਹੋਕੇ ਉਹਨਾਂ ਨੇ ਸਿਖਾਇਆ ਹੈ। ਆਪਣੇ ਆਖ਼ਿਰੀ ਕਈ ਸਾਲ ਉਹ ਸ੍ਰੀ ਭੈਣੀ ਸਹਿਬ ਰਹੇ। ਕਈ ਵਾਰੀ ਮਿਲਣ ਜਾਣਾ ਤਾਂ ਉਹਨਾਂ ਨੇ

ਕਹਿਣਾ ਹੁਣ ਸਿਹਤ ਠੀਕ ਨਹੀਂ ਰਹਿੰਦੀ...ਛੁੱਟੀ ਮਿਲ ਜਾਵੇ ਤਾਂ ਚੰਗਾ ਏ। ਪਰ ਫਿਰ ਇਹ ਵੀ ਆਖਣੋਂ ਹਟ ਗਏ... ਆਖਣਾ ਜਿਸਤਰਾਂ ਰਜ਼ਾ ਹੈ ਉਸੀ ਤਰ੍ਹਾਂ ਹੋਵੇ।

ਅਖੀਰ 'ਚ ਰਾਗੀ ਬਲਵੰਤ ਸਿੰਘ ਰਾਗੀ ਹਰਪ੍ਰੀਤ ਸਿੰਘ ਤੇ ਹੋਰ ਸਾਥੀਆਂ ਨੇ ਮਿਲ ਕੇ "ਜਨ ਪਰਉਪਕਾਰੀ ਆਏ" ਗੁਰਬਾਣੀ ਸ਼ਬਦ ਪੜ੍ਹਿਆ। ਅਰਦਾਸ ਉਪਰੰਤ ਸਮਾਪਤੀ ਹੋਈ।

**ਜਥੇ. ਨਿਸ਼ਾਨ ਸਿੰਘ**

.....................................................

## Matrimonial

**Name : Er. Shivdeep singh**
Date of Birth: 19 june, 1999
Height: 5' 9"
Education: B.Tech( computer science)
Caste: Arora(sachdeva)
Religious belief: Namdhari Sikh
Occupation: Working in NPCI (National payment corporation of india) Hyderabad
Package - 15+ lakh per annum
Family Details
Father: Businessman
Mother: Teacher
Siblings: 1 younger sister ( doing MBBS)
No - 9780237810 (Amritsar)

.....................................................

**ਰਾਮਗੜ੍ਹੀਆਂ ਲੜਕੀ**
ਉਮਰ - 26
ਪੜ੍ਹਾਈ - M.S.C Math
ਕੱਦ - 5'1"
ਗੋਤ - ਰੂਪਰਾਏ, ਬੱਸਣ
ਲੁਧਿਆਣਾ - 98550-33475

.....................................................

**Name – Isher Singh**
Age – 27
Height – 5'10"
Study – B. tech.
Oqn Business factory
Ramgharia
Ludhaian – 98550-33475

.....................................................

**ਨਾਮ : ਜੀਵਨ ਸਿੰਘ**
ਜਨਮ : 24/07/2000
ਲੰਬਾਈ : 6 ਫੁੱਟ
ਯੋਗਤਾ : ਆਈ.ਟੀ.ਆਈ. ਡਿਪਲੋਮਾ ਕਾਰਪੇਂਟਰ ਤੇ ਪਲੰਬਰ ਵਿਚ ਬਾਰਵੀਂ ਕਲਾਸ ਤੋਂ ਬਾਅਦ।
ਮੌਜੂਦਾ ਸਟੇਟਸ: ਸਪੇਨ ਵਿੱਚ ਪੀ.ਆਰ. ਲੈਣ ਦੇ ਬਿਲਕੁਲ ਨੇੜੇ।
ਗੋਤ : ਮਾਨ (ਜੱਟ ਸਿੱਖ) ਨਾਮਧਾਰੀ।
ਭੈਣ-ਭਰਾ : ਦੋ ਵੱਡੀਆਂ ਭੈਣਾਂ (ਵਿਆਹੀਆਂ ਹੋਈਆਂ) ਤੇ ਇੱਕ ਛੋਟਾ ਭਰਾ (ਕੁੰਵਾਰਾ) ਉਹ ਵੀ ਇਸ ਸਮੇਂ ਆਪਣੇ ਭਰਾ ਕੋਲ ਸਪੇਨ ਵਿੱਚ।
ਪਿਤਾ : ਪਰਗਟ ਸਿੰਘ ਨਾਮਧਾਰੀ
ਮਾਤਾ : ਬਲਵੀਰ ਕੌਰ
ਰਹਿਸ਼ : ਸ੍ਰੀ ਭੈਣੀ ਸਾਹਿਬ
ਸੰਪਰਕ : 8727880233, 7707895789

.....................................................

**ਸਤਿਜੁਗ ਆਪ ਪੜ੍ਹੋ ਤੇ ਹੋਰਾਂ ਨੂੰ ਵੀ ਪੜ੍ਹਾਉ**

# ਵੈਨਕੂਵਰ ਦੀ ਸੰਗਤ ਵੱਲੋਂ ਅਖੰਡ ਪਾਠ, ਕੀਰਤਨ ਅਤੇ ਵਿਸ਼ੇਸ਼ ਸਨਮਾਨ ਸਮਾਗਮ















Date of Publication: 06 September 2024
Date of Posting: 08 September 2024


RNI NO.55658/93
LDM/008/2021-2023

## ਸੰਤ ਬਲਕਾਰ ਸਿੰਘ ਜੀ ਦੇ ਭੋਗ ਸਮਾਗਮ ਸਮੇਂ ਦੀਆਂ ਤਸਵੀਰਾਂ

ਮਿਤੀ: 01.09.2024















Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.